# ਵਤਨੋਂ ਦੂਰ



ਸ਼ਮੀ ਜਲੰਧਰੀ

# ਵਤਨੋਂ ਦੂਰ

## ਕਾਵਿ ਸੰਗ੍ਰਹਿ

ਲੇਖਕ –
**ਸ਼ਮੀ ਜਲੰਧਰੀ**

ਪ੍ਰਕਾਸ਼ਕ —
**BADHAN PUBLISHERS**
742/13, New Santokhpura, Jalandhar (Punjab) India
Mob. : 98158-28006

## ਸਮਰਪਿਤ

ਉਨ੍ਹਾਂ ਸਾਰਿਆਂ ਨੂੰ ਜੋ ਕਿਸੇ ਮਜਬੂਰੀ ਕਾਰਣ ਆਪਣੇ ਵਤਨ ਤੋਂ ਦੂਰ ਹਨ ਪਰ ਵਤਨ ਉਨ੍ਹਾਂ ਦੇ ਦਿਲਾਂ ਦੇ ਅੰਦਰ ਵਸਦਾ ਹੈ।

## ਵਿਸ਼ੇਸ਼ ਧੰਨਵਾਦ

* ਡਾ. ਸੁਰਜੀਤ ਪਾਤਰ
* ਉਸਤਾਦ ਬੀ. ਐਸ. ਨਾਰੰਗ
* ਸ਼੍ਰੀ ਮੇਹਰਬਾਨ ਬਟਾਲਵੀ
* ਸ਼੍ਰੀ ਜਸਦੀਪ ਬੱਧਣ
* ਸ. ਸਤਨਾਮ ਸਿੰਘ ਚੱਠਾ
* ਸ਼੍ਰੀ ਕੇ. ਡੀ. ਭੰਡਾਰੀ

# VATNO DOOR

**by :**
**Shammi Jalandhari**
**(Australia)**

**e-mail : shammijalandhari@yahoo.com**
**www.shammijalandhari.com**

**©2010, Shammi Jalandhari**
**All Right Reserved**

First Edition : August 2010
Copies : 2000
Price Rs. 55/-

*Published by :*
**BADHAN PUBLISHERS**
742/13, New Santokhpura, Jalandhar (Punjab) India
Mob. : 98158-28006

*Worldwide Marketing & Distribution by :*

5 RIVERS
ENTERTAINMENT INC.
8, Strathearn Avenue, Unit 16, Brampton.
Toronto, Ontario, L6T4L9
Tel : Canada -905 799 0382, India - 998 804 5415,
U.K. - 0755 103 3544
www.5rivers.ca office@5rivers.ca

## ਦੋ ਸ਼ਬਦ

ਪਿਆਰੇ ਪਾਠਕੋ

ਪਰਦੇਸ ਵਿੱਚ ਰਹਿੰਦਿਆਂ 'ਵਤਨੋਂ ਦੂਰ' ਪੰਜਾਬੀ ਅਦਬ ਅਤੇ ਸਮੁੱਚੀ ਪੰਜਾਬੀਅਤ ਨੂੰ ਸਾਹਿਤਕ ਸਿਜਦਾ ਹੈ। 'ਵਤਨੋਂ ਦੂਰ' ਇਕ ਸੰਪੂਰਨ ਕਵਿਤਾ ਨੂੰ ਖੋਜ ਕਰਨ ਦੀ ਰਾਹ ਉੱਪਰ ਮੇਰੀ ਇਕ ਛੋਟੀ ਜਿਹੀ ਪੁਲਾਂਘ ਹੈ, ਮੇਰੇ ਲਈ ਇਕ ਖੂਬਸੂਰਤ ਆਗਾਜ਼ ਹੈ। ਚਾਹਤ ਹੈ ਇਸ ਪਾਰ ਤੋਂ ਉਸ ਪਾਰ ਜਾਣ ਦੀ। ਬਹੁਤ ਦੂਰ ਹੈ ਮੰਜ਼ਿਲ, ਜਿਸ ਨੂੰ ਪਾਉਣ ਲਈ ਉਮਰ ਭਰ ਦੀ ਕੋਸ਼ਿਸ਼ ਵੀ ਕਾਫ਼ੀ ਨਹੀਂ। ਆਪਣੀਆਂ ਲਿਖੀਆਂ ਰਚਨਾਵਾਂ ਦਾ ਮੈਂ ਪਾਠਕ ਵੀ ਹਾਂ, ਖ਼ੁਦ ਹੀ ਅਲੋਚਕ ਵੀ। ਮੈਂ ਚਾਹੁੰਦਾ ਹਾਂ ਮੇਰੀ ਕਲਮ ਦੁਆਰਾ ਲਿਖਿਆ ਹਰ ਹਰਫ਼ ਦੂਸਰਿਆਂ ਦੇ ਦਿਲੋ-ਦਿਮਾਗ਼ 'ਤੇ ਅਸਰ ਪਾਉਣ ਤੋਂ ਪਹਿਲਾਂ ਮੇਰੇ ਲਈ ਆਪਣੀ ਖ਼ੁਦ ਦੀ ਜ਼ਿੰਦਗੀ ਵਿੱਚ ਅਮਲ ਕਰਨ ਦਾ ਸਬੱਬ ਬਣੇ। ਕਿਸੇ ਨੂੰ ਨਸੀਅਤ ਦੇਣ ਤੋਂ ਪਹਿਲਾਂ ਖ਼ੁਦ ਨਸੀਅਤ ਲੈਣ ਦਾ ਵਸੀਲਾ ਬਣੇ ਅਤੇ ਮੈਂ ਮੁੱਹਬਤ ਦੀ ਤਰਜ਼ਮਾਨੀ ਕਰਨ 'ਤੇ ਪਹਿਲਾਂ ਖ਼ੁਦ ਮੁੱਹਬਤ ਦੇ ਗਹਿਰੇ ਭੇਦਾਂ ਨੂੰ ਸਮਝਣ ਦੇ ਸਮਰੱਥ ਬਣਾਂ। ਕਵਿਤਾ ਦੇ ਸਿਖ਼ਰ 'ਤੇ ਪਹੁੰਚਣ ਦਾ ਇਹ ਇਕ ਤੰਗ ਰਸਤਾ ਹੈ, ਜਿਸ ਵਿੱਚੋਂ ਲੰਘਣਾ ਆਸਾਨ ਨਹੀਂ, ਕਠੋਰ ਤਪੱਸਿਆ ਹੈ, ਜਿਸ ਵਿੱਚ ਆਪਣੇ ਆਪ ਨੂੰ ਖ਼ਤਮ ਕਰਕੇ ਆਪਣੀ ਹੋਂਦ ਨੂੰ ਸਥਾਪਿਤ ਕਰਨ ਦਾ ਫ਼ਨ ਛੁਪਿਆ ਹੋਇਆ ਹੈ। ਮੈਂ ਅਸਮਰੱਥ ਹੋ ਜਾਂਦਾ ਹੈ, ਇਸ ਤੰਗ ਰਸਤੇ ਉੱਪਰ ਚੱਲਣ ਲਈ ਅਤੇ ਇਹ ਸੱਚਾਈ ਦੀ ਤਪੱਸਿਆ ਕਰਨ ਤੋਂ, ਜਿਸ ਨਾਲ ਮੇਰੀ ਹਰ ਰਚਨਾ ਮੈਨੂੰ ਅਧੂਰੀ ਲੱਗਦੀ ਹੈ। ਫਿਰ ਵੀ ਮੈਂ ਆਪਣੀਆਂ ਅਧੂਰੀਆਂ ਰਚਨਾਵਾਂ ਉੱਪਰ ਕੁਦਰਤ ਦੀ ਅਸੀਮ ਕਿਰਪਾ ਦਾ ਅਨੁਭਵ ਕੀਤਾ, ਕਾਵਿ ਸੰਗ੍ਰਹਿ ਦੀ ਸਿਰਜਣਾ ਕਰਦੇ ਸਮੇਂ ਵਿਦੇਸ਼ ਵਿੱਚ ਰਹਿੰਦਿਆਂ ਪੰਜਾਬ ਦੀ ਮਿੱਟੀ ਦੀ ਖੁਸ਼ਬੂ ਨੂੰ ਮਹਿਸੂਸ ਕੀਤਾ, ਆਪਣੇ ਇਰਦ-ਗਿਰਦ ਉੱਥੋਂ ਦੀ ਆਬੋ ਹਵਾ ਨੂੰ ਰੁਮਕਦੀ ਵੇਖਿਆ। ਮੇਰੇ ਵਾਂਗ ਮੇਰੀਆਂ ਰਚਨਾਵਾਂ ਵਿੱਚ ਵੀ ਬਹੁਤ ਕਮੀਆਂ ਹਨ, ਫਿਰ ਵੀ ਮਹਾਨ ਸ਼ਾਇਰ ਡਾ. ਸੁਰਜੀਤ ਪਾਤਰ ਹੁਰਾਂ ਦਾ ਪਿਆਰ ਅਤੇ ਉੱਤਮ ਕਵਿਤਾ ਦੇ ਦੁਆਰ ਤੱਕ ਪਹੁੰਚਣ ਦਾ ਅਸ਼ੀਰਵਾਦ ਅਤੇ ਬਿਰਹਾ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਦੇ ਸਪੁੱਤਰ ਮਿਹਰਬਾਨ ਬਟਾਲਵੀ ਦਾ ਸਨੇਹ ਮਿਲਿਆ, ਜੁਝਾਰੂ ਸ਼ਾਇਰ ਜਸਦੀਪ ਬੱਧਣ ਦਾ ਸਹਿਯੋਗ ਮਿਲਿਆ। ਬੱਧਣ ਪਬਲੀਕੇਸ਼ਨ ਦੀ 'ਵਤਨੋ ਦੂਰ' ਛਪਾਉਣ ਅਤੇ ਫਾਇਵ ਰਿਵਰਜ਼ ਇਨਟਰਟੇਨ 'ਵਤਨੋ ਦੂਰ' ਨੂੰ ਪੂਰੀ ਦੁਨੀਆਂ ਵਿੱਚ ਪਹੁੰਚਾਉਣ ਦਾ ਸਮਰਥਨ ਪ੍ਰਾਪਤ ਹੋਇਆ। ਧੰਨਵਾਦੀ ਹਾਂ ਵਿਜੇ ਪਾਲ ਜਿਸਨੇ ਵਤਨੋ ਦੂਰ ਨੂੰ ਖ਼ੂਬਸੂਰਤ ਢੰਗ ਨਾਲ ਤਿਆਰ ਕੀਤਾ। ਇਸ ਕਾਵਿ ਸੰਗ੍ਰਹਿ ਵਿੱਚ ਕਈ ਗੀਤ ਸਤਨਾਮ ਸਿੰਘ ਚੱਠਾ ਦੇ ਸੰਗੀਤ ਰਾਹੀਂ ਫਾਇਵ ਰਿਵਰਜ਼ ਇਨਟਰਟੇਨ ਦੀਆਂ ਕਈ ਮਿਊਜ਼ਿਕ ਐਲਬਮਾਂ ਦੀ ਸ਼ਾਨ ਬਣ ਚੁੱਕੇ ਹਨ। ਮੈਂ ਰਿਣੀ ਰਹਾਂਗਾ ਉਹਨਾਂ ਮਹਾਨ ਹਸਤੀਆਂ ਦਾ ਜਿਨ੍ਹਾਂ ਨੇ ਮੇਰੇ ਪਹਿਲੇ ਕਾਵਿ ਸੰਗ੍ਰਹਿ "ਗਮਾਂ ਦਾ ਸਫਰ" ਨੂੰ ਪਿਆਰ ਬਖਸ਼ਿਆ, ਪਦਮ ਸ਼੍ਰੀ ਹੰਸ ਰਾਜ ਹੰਸ ਜੀ, ਸ਼੍ਰੀਮਤੀ ਅਰੁਣ ਬਟਾਲਵੀ ਪੰਜਾਬੀ ਦੇ ਸ਼ਾਇਰ ਸੁਰਿੰਦਰ ਮਕਸੂਦਪੁਰੀ ਸਾਹਿਬ, ਐਮ. ਐਲ. ਏ. ਕੇ. ਡੀ. ਭੰਡਾਰੀ ਅਤੇ ਫਰੈਂਡੀ ਜੋਜਫ ਜਿਨਾਂ ਨੇ ਪਹਿਲੀ ਵਾਰ ਮੇਰੀ ਬਾਂਹ ਫੜ ਕੇ ਮੈਨੂੰ ਆਪ ਸਭਨਾ ਦੇ ਰੂਹ-ਬ-ਰੂ ਕੀਤਾ। ਮੈਂ ਸਤਿਕਾਰ ਕਰਦਾ ਹਾਂ ਉਸਤਾਦ ਸੀ. ਐਸ. ਨਾਰੰਗ ਸਾਹਿਬ ਦਾ, ਜਿਨ੍ਹਾਂ ਨੇ ਮੇਰੇ ਗੀਤਾਂ ਨੂੰ ਗਾਉਣ ਦਾ ਆਗਾਜ਼ ਕੀਤਾ, ਮੈਨੂੰ ਮਾਣ ਹੈ ਉਹਨਾਂ ਸਾਰੇ ਗਾਇਕਾਂ ਤੇ ਜਿਨਾਂ ਨੇ ਮੇਰੇ ਗੀਤਾਂ ਨੂੰ ਆਪਣੀ ਆਵਾਜ ਨਾਲ ਨਿਖਾਰਿਆ। ਜਿਵੇਂ ਰੁਪਿੰਦਰ ਹਾਂਡਾ, ਅਰਸ਼ਪ੍ਰੀਤ ਕੌਰ, ਮਾਸ਼ਾ ਅਲੀ, ਗੁਲਰੇਜ ਅਖਤਰ, ਹੈਰੀ ਪੰਨੂੰ, ਸੁਖਦੇਵ ਪ੍ਰਿੰਸ, ਹਰਪ੍ਰੀਤ ਸਿੰਘ, ਪਰਮਜੀਤ ਹੰਸ, ਪ੍ਰੀਤ ਸਰਗਮ, ਅਮਨ ਸੰਧੂ, ਸੁਨੀਲ ਸਿੰਘ ਡੋਗਰਾ, ਜਗਦੀਸ਼ ਖੋਸਲਾ ਅਤੇ ਹੋਰ ਵੀ ਜਿਨਾਂ ਨੇ ਮੈਨੂੰ ਗਾਇਆ ਹੈ ਪਰ ਮੈਂ ਨਾਮ ਨਹੀਂ ਲਿਖ ਸਕਿਆ ਮਾਫ਼ੀ ਮੰਗਦਾ ਹੋਇਆ ਧੰਨਵਾਦੀ ਹਾਂ। ਇਸ ਸਭ ਕੁਝ ਵਿੱਚ ਮੇਰੀ ਕੋਸ਼ਿਸ਼ ਤਾਂ ਜ਼ਰੂਰ ਹੈ ਪਰ ਮੇਰੀਆਂ ਅਧੂਰੀਆਂ ਰਚਨਾਵਾਂ ਨੂੰ ਇੰਨਾ ਪਿਆਰ ਮਿਲਣ ਦਾ ਜ਼ਰੀਆ ਸਿਰਫ਼ ਉਹੀ ਹੈ ਜੋ ਇਸ ਦੁਨੀਆਂ ਵਿੱਚ ਖੁਦ ਇਕੱਲਾ ਹੀ ਸੰਪੂਰਨ ਹੈ, ਉਹ ਪ੍ਰਮਾਤਮਾ ਜਿਸ ਦੀ ਮਿਹਰ ਨਾਲ ਆਪਣੇ ਅਧੂਰੇ ਕਾਵਿ ਸੰਗ੍ਰਹਿ ਨੂੰ ਆਪ ਸਭ ਅੱਗੇ ਪੇਸ਼ ਕਰ ਰਿਹਾ ਹਾਂ। ਉਮੀਦ ਕਰਦਾ ਹਾਂ ਕਿ ਤੁਸੀਂ ਇਸ ਨੂੰ ਜ਼ਰੂਰ ਕਬੂਲ ਕਰੋਗੇ।

ਧੰਨਵਾਦ!

***- ਸ਼ਮੀ ਜਲੰਧਰੀ***

## ਆਸ਼ੀਰਵਾਦ

ਪਿਆਰੇ ਸ਼ਮੀ,

ਤੇਰੀ ਪੁਸਤਕ ਵਤਨੋਂ ਦੂਰ ਦਾ ਖਰੜਾ ਮਿਲਿਆ।

ਸਾਹਿਤ ਨਾਲ ਵਾਸਤਾ ਰੱਖਣ ਵਾਲੇ ਲੋਕ ਮੈਨੂੰ ਚੰਗੇ ਲੱਗਦੇ ਹਨ। ਸਾਹਿਤ ਨਾਲ ਵਾਸਤਾ ਰੱਖਣ ਦਾ ਮਤਲਬ ਹੈ ਮਾਨਵਤਾ ਅਤੇ ਕਾਇਨਾਤ ਦੀਆਂ ਸਭ ਤੋਂ ਗਹਿਰੀਆਂ ਆਵਾਜ਼ਾਂ ਨੂੰ ਸੁਣਨ ਦੀ ਕੋਸ਼ਿਸ਼ ਕਰਨੀ ਤੇ ਉਹ ਲੋਕ ਜਿਹੜੇ ਮਾਤ-ਭੂਮੀ ਤੋਂ ਦੂਰ ਜਾ ਕੇ ਵੀ ਮਾਤ-ਭਾਸ਼ਾ ਦਾ ਪਿਆਰ ਪਾਲਦੇ ਹਨ ਉਹ ਤਾਂ ਹੋਰ ਵੀ ਚੰਗੇ ਲੱਗਦੇ ਹਨ। ਤੂੰ ਉਨ੍ਹਾਂ ਲੋਕਾਂ ਚੋਂ ਹੈ।

ਤੂੰ ਕਵਿਤਾ ਨਾਲ ਜੁੜਿਆ ਹੈ। ਮੈਂ ਤੈਨੂੰ ਪਿਆਰ ਭਰੀ ਮੁਬਾਰਕਬਾਦ ਅਤੇ ਸ਼ੁਭ-ਇੱਛਾਵਾਂ ਦਿੰਦਾ ਹਾਂ। ਤੇਰੀ ਲਗਨ ਅਤੇ ਮਿਹਨਤ ਜ਼ਰੂਰ ਇਕ ਦਿਨ ਤੈਨੂੰ ਉੱਤਮ ਕਵਿਤਾ ਦੇ ਦੁਆਰ ਤੱਕ ਲੈ ਜਾਵੇਗੀ।

ਹਰ ਚੰਗਾ ਲੇਖਕ ਇਕ ਚੰਗਾ ਪਾਠਕ ਵੀ ਹੁੰਦਾ ਹੈ। ਚੰਗੇ ਸਾਹਿਤ ਤੋਂ ਅਸੀਂ ਸਿਰਫ਼ ਅਨੁਭਵ ਹੀ ਗ੍ਰਹਿਣ ਨਹੀਂ ਕਰਦੇ, ਅਨੁਭਵ ਨੂੰ ਪ੍ਰਗਟ ਕਰਨ ਦਾ ਵੱਲ ਵੀ ਸਿੱਖਦੇ ਹਾਂ। ਸੋ ਸਦਾ ਚੰਗੇ ਸਾਹਿਤ ਦੀ ਸੁਹਬਤ ਵਿਚ ਰਹਿਣਾ। ਸੁਹਿਰਦ ਹੋ ਕੇ ਜੀਉਣਾ। ਆਪਣੀ ਕਵਿਤਾ ਵਿਚ ਆਪਣੇ ਅਨੁਭਵ ਪ੍ਰਤੀ ਸੱਚੇ ਰਹਿਣਾ। ਆਪਣੇ ਦਿਲ ਵਿਚ ਝਾਕ ਕੇ ਲਿਖਣਾ। ਕਵਿਤਾ ਦੇ ਰੂਪ ਪ੍ਰਤੀ ਵੀ ਸੁਚੇਤ ਰਹਿਣਾ ਕਿਉਂਕਿ ਕਵਿਤਾ ਲਈ ਸ਼ਿੱਦਤ ਅਤੇ ਸ਼ਿਲਪ ਦੋਹਾਂ ਦੀ ਜ਼ਰੂਰਤ ਹੁੰਦੀ ਹੈ। ਕਵਿਤਾ ਲਈ ਜਰੂਰੀ ਨਹੀਂ ਬਹੁਤ ਵੱਡਾ ਵਿਸ਼ਾ ਚੁਣਿਆ ਜਾਵੇ, ਘਾਹ ਦੀ ਤਿੜ ਬਾਰੇ ਵੀ ਮਹਾਨ ਕਵਿਤਾ ਲਿਖੀ ਜਾ ਸਕਦੀ ਹੈ।

ਵਤਨੋਂ ਦੂਰ ਦੀਆਂ ਕਵਿਤਾਂ ਵਿਚੋਂ ਮੈਂ ਤੇਰਾ ਸੰਵੇਦਨਾਸ਼ੀਲ ਮਨ ਦੇਖਿਆ, ਇੰਨਸਾਫ, ਬਰਾਬਰੀ ਤੇ ਪਿਆਰ ਭਰੇ ਸੰਸਾਰ ਲਈ ਤੇਰੀ ਸੁਹਿਰਦ ਤਾਂਘ ਦੇਖੀ, ਮਾਨਵਤਾ ਅਤੇ ਕਾਇਨਾਤ ਨਾਲ ਤੇਰਾ ਪਿਆਰ ਦੇਖਿਆ, ਬੇਇਨਸਾਫ਼ੀ, ਫ਼ਿਰਕਾਪ੍ਰਸਤੀ, ਜ਼ੁਲਮ ਭਰੀ ਦੁਨੀਆ ਵਿਚ ਇਕ ਹੱਸਾਸ ਮਨ ਦੀ ਤੜਪ ਦੇਖੀ। ਪੰਜਾਬ ਦਾ ਮੋਹ ਦੇਖਿਆ। ਤੇਰੇ ਜਿਹੇ ਇਨਸਾਨ ਅਤੇ ਕਲਾਕਾਰ ਉਨ੍ਹਾਂ ਰੁੱਖਾਂ ਵਰਗੇ ਹੁੰਦੇ ਹਨ ਜਿਹੜੇ ਪ੍ਰਦੂਸ਼ਨ ਭਰੇ ਜਹਾਨ ਵਿਚ ਰੁੱਖਾਂ ਦੇ ਪੱਤਿਆਂ ਵਾਂਗ ਜ਼ਹਿਰ ਨੂੰ ਅੰਮ੍ਰਿਤ ਵਿਚ ਬਦਲਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਤੇਰੇ ਲਈ ਬਹੁਤ ਬਹੁਤ ਪਿਆਰ ਤੇ ਆਸ਼ੀਰਵਾਦ।

- ***ਸੁਰਜੀਤ ਪਾਤਰ***

## ਮੁੱਖ-ਬੰਦ

ਅਦਬੀ ਸਿਜਦਾ

ਸ਼ਮੀ ਜਲੰਧਰੀ ਦਾ ਨਾਮ ਪੰਜਾਬੀ ਸਾਹਿਤ ਵਿੱਚ ਬੇਸ਼ੱਕ ਬਹੁਤ ਪੁਰਾਣਾ ਨਹੀਂ ਹੈ ਪਰ ਪਿਛਲੇ ਤਿੰਨ ਕੁ ਸਾਲਾਂ ਤੋਂ ਸ਼ਮੀ ਆਪਣੀ ਚੇਤੰਨ ਸੋਚ ਅਤੇ ਸਾਹਿਤਕ ਗਤੀਵਿਧੀਆਂ ਕਰਕੇ ਪੂਰੇ ਵਿਸ਼ਵ 'ਚ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਸ਼ਮੀ ਨਾਲ ਮੇਰੀ ਪਹਿਲੀ ਗੱਲਬਾਤ ਉਸ ਦੇ ਪਲੇਠੇ ਕਾਵਿ ਸੰਗ੍ਰਹਿ 'ਗ਼ਮਾਂ ਦਾ ਸਫ਼ਰ' ਨੂੰ ਰਿਲੀਜ਼ ਕਰਨ ਸਬੰਧੀ ਹੋਈ। ਪੰਜਾਬੀ ਬੋਲੀ ਦਾ ਇਹ ਸਾਊ ਪੁੱਤਰ ਪਹਿਲੀ ਗੱਲਬਾਤ 'ਚ ਹੀ ਮੇਰੇ ਦਿਲ ਵਿੱਚ ਘਰ ਕਰ ਗਿਆ। ਮੈਂ ਉਸ ਦੇ ਅੰਦਰ ਲਗਾਤਾਰ ਇਕ ਲਾਵਾ ਦਹਿਕਦਾ ਹੋਇਆ ਦੇਖਿਆ। ਲਾਵਾ ਆਵਾਮ ਦੀਆਂ ਤਕਲੀਫ਼ਾਂ ਦਾ, ਲਾਵਾ ਔਰਤ 'ਤੇ ਹੁੰਦੇ ਜ਼ੁਲਮ ਦਾ, ਲਾਵਾ ਪਰਦੇਸੀਆਂ ਦੀਆਂ ਮੁਸ਼ਕਿਲਾਂ ਦਾ ਜੋ ਇਕ ਜਵਾਲਾਮੁਖੀ ਦਾ ਰੂਪ ਧਾਰ ਕੇ 'ਵਤਨੋਂ ਦੂਰ' ਕਾਵਿ ਸੰਗ੍ਰਹਿ ਦੀ ਸ਼ਕਲ ਵਿੱਚ ਸਾਡੇ ਸਾਹਮਣੇ ਹੈ। ਇਹ ਜਵਾਲਾਮੁਖੀ ਮਨੁੱਖਤਾ ਦੇ ਭਲੇ ਅਤੇ ਭਵਿੱਖ ਦੇ ਮੱਦੇਨਜ਼ਰ ਦੁਨੀਆਂ ਲਈ ਵਰਦਾਨ ਸਿੱਧ ਹੋਵੇਗਾ। ਕਾਵਿ ਸੰਗ੍ਰਹਿ ਵਿੱਚ ਸਮਾਜ ਨਾਲ ਜੁੜਿਆ ਕੋਈ ਵੀ ਪੱਖ ਅਤੇ ਮੁਸ਼ਕਿਲ ਅੱਖੋਂ-ਪਰੋਖੇ ਨਹੀਂ ਕੀਤੀ ਗਈ ਨਾ ਹੀ ਵਿਸ਼ੇ ਨਾਲ ਕੋਈ ਸਮਝੌਤਾ ਕੀਤਾ ਗਿਆ। ਹਰ ਵਿਸ਼ੇ ਨੂੰ ਸਾਹਿਤਕ ਸਮਝ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਨਿਭਾਇਆ ਗਿਆ ਹੈ, ਜਿਸ ਲਈ ਸ਼ਾਇਰ ਵਧਾਈ ਦਾ ਪਾਤਰ ਹੈ। ਸ਼ਮੀ ਦੀ ਕਵਿਤਾ ਵਿਚਾਰ ਪ੍ਰਧਾਨ ਹੈ ਜੋ ਅਜੋਕੇ ਮਨੁੱਖ ਨੂੰ ਇਕ ਨਰੋਏ ਸਮਾਜ ਵੱਲ ਲੈ ਕੇ ਜਾਵੇਗੀ। ਸ਼ਾਇਰ ਦੀ ਸ਼ੈਲੀ ਆਮ ਲੋਕਾਂ ਨੂੰ ਸਮਝ ਆਉਣ ਵਾਲੀ ਹੈ। ਜ਼ਿਆਦਾਤਰ ਸ਼ਾਇਰ ਆਪਣੀ ਸਾਹਿਤਕ ਸਮਝ ਦਾ ਬੋਝ ਪਾਠਕ 'ਤੇ ਪਾਉਂਦੇ ਹਨ, ਨਤੀਜਤਨ ਕਵਿਤਾ ਪਾਠਕ ਦੇ ਉੱਪਰੋਂ ਲੰਘ ਜਾਂਦੀ ਹੈ ਪਰ ਸ਼ਮੀ ਦੀ ਕਵਿਤਾ ਆਮ ਸਮਝ ਰੱਖਣ ਵਾਲਾ ਵਿਅਕਤੀ ਵੀ ਪੜ੍ਹ ਕੇ ਸਮਝ ਸਕਦਾ ਹੈ। ਕਿਤੇ-ਕਿਤੇ ਤਾਂ ਸ਼ਮੀ ਨੇ ਕਮਾਲ ਦੀ ਛੰਦਬੰਧੀ ਕੀਤੀ, ਜਿਵੇਂ...

*ਮੈਂ ਪਰਦੇਸੀ ਹੋਇਆ ਜਦ ਦਾ*
*ਆਪਣਾ ਆਪ ਰਿਹਾ ਹਾਂ ਲੱਭਦਾ*
*ਚਾਨਣਾ ਦਾ ਸ਼ਹਿਰ ਸ਼ਮੀ ਗ਼ਮਾਂ ਦਾ ਹਨ੍ਹੇਰ*
*ਇੱਥੇ ਨਾ ਕੋਈ ਜੁਗਨੂੰ ਜਗਦਾ ...*

ਭਾਰਤ ਦੀ ਵੰਡ ਦਾ ਵੀ ਸ਼ਾਇਰ ਦੇ ਦਿਲ 'ਤੇ ਅਸਰ ਹੈ, ਜਿਵੇਂ ਉਹ ਲਿਖਦਾ ਹੈ...

*ਲਾਹੌਰ ਤੇਰੇ ਦੀਆਂ ਗਲ੍ਹੀਆਂ ਨੂੰ ਮੇਰਾ ਦੇਖਣ ਨੂੰ ਜੀਅ ਕਰਦਾ ਏ*
*ਪਰ ਕੰਡਿਆਲੀ ਤਾਰ ਤੋਂ ਸੱਜਣਾ ਦਿਲ ਮੇਰਾ ਬੜਾ ਡਰਦਾ ਏ...*

*ਕਿੱਥੇ ਗੁੰਮ ਹੋਇਆ ਸਾਡਾ ਜੇਹਲਮ ਤੇ ਝਨਾਬ,*
*ਸੁੰਨਾ ਜਿਹਾ ਲੱਗਦਾ ਏ ਮੇਰਾ ਇਹ ਪੰਜਾਬ...*

ਇਨਸਾਨੀ ਰਿਸ਼ਤਿਆਂ 'ਚ ਆਉਂਦੀ ਪਦਾਰਥਵਾਦੀ ਸੋਚ ਨੂੰ ਸ਼ਮੀ ਕਰਾਰੀ ਚੋਟ ਦਿੰਦਿਆਂ ਲਿਖਦਾ ਹੈ...

*ਸੁਣਿਆ ਮੈਂ ਤੇਰੇ ਸ਼ਹਿਰ ਦਾ ਮੌਸਮ ਖ਼ਰਾਬ ਹੈ*
*ਬੇਵਫ਼ਾਈ ਜਿੱਥੇ ਬੇਹਿਸਾਬ ਹੈ*
*ਗ਼ਲ੍ਹੀਆਂ ਦੀ ਹਵਾ ਵਿੱਚ ਵੀ ਧੋਖੇ ਦੀ ਹੈ ਨਮੀ*
*ਹਰ ਇਕ ਦੇ ਹੱਥ 'ਚ ਫੜ੍ਹਿਆ ਨਕਲੀ ਗੁਲਾਬ ਹੈ ...*

ਪਿਆਰ ਅਤੇ ਮੁਹੱਬਤ ਦੀ ਤਮੀਜ਼ ਰੱਖਣ ਵਾਲਾ ਸ਼ਾਇਰ ਹੀ ਇਹ ਗੱਲ ਲਿਖ ਸਕਦਾ ਹੈ। ਵਤਨਪ੍ਰਸਤੀ ਅਤੇ ਦੇਸ਼ ਭਗਤੀ ਉਸ ਦੀ ਕਵਿਤਾ ਦਾ ਮੁੱਖ ਵਿਸ਼ਾ ਹੈ। ਸ਼ਮੀ ਮੁਤਾਬਿਕ ਉਸਦਾ ਦੇਸ਼ ਅੱਜ ਵੀ ਗੁਲਾਮ ਹੈ। ਦੇਸ਼ ਦੇ ਮੌਜੂਦਾ ਹਾਲਾਤਾਂ ਬਾਰੇ ਵੀ ਸ਼ਮੀ ਚਿੰਤਤ ਹੈ। ਭਗਤ ਸਿੰਘ ਦੀ ਸੋਚ 'ਤੇ ਪਹਿਰਾ ਦਿੰਦਿਆਂ ਸ਼ਮੀ ਦੀ ਕਵਿਤਾ ਦਾ ਬੰਦ...

*ਮੈਂ ਅੱਜ ਵੀ ਜਦ ਹਿੰਦੋਸਤਾਨ ਦੇਖਦਾ ਹਾਂ*
*ਗੁਲਾਮੀ ਦੇ ਉਹੀ ਨਿਸ਼ਾਨ ਦੇਖਦਾ ਹਾਂ ...*

ਵਤਨ ਦੀ ਮਿੱਟੀ ਨੂੰ ਪਿਆਰ ਕਰਨ ਵਾਲਾ ਸ਼ਾਇਰ ਹੀ ਸੱਤ ਸਮੁੰਦਰੋਂ ਪਾਰ ਰਹਿ ਕੇ ਵੀ ਵਤਨ ਪ੍ਰਤੀ ਹਮਦਰਦੀ ਅਤੇ ਸਨੇਹ ਰੱਖਦਾ ਹੈ। ਪੰਜਾਬ ਵਿੱਚ ਵੱਧ ਰਹੇ ਨਸ਼ਿਆਂ ਪ੍ਰਤੀ ਫਿਕਰਮੰਦ ਹੋ ਕੇ ਲਿਖਦਾ ਹੈ —

*ਮੇਰੇ ਪੰਜਾਬ ਦੇ ਵਿੱਚ ਹੁਣ ਸਤਲੁਜ, ਰਾਵੀ ਤੇ ਬਿਆਸ ਨਹੀਂ,*
*ਨਸ਼ਿਆਂ ਦੇ ਚੋਅ ਵਗਦੇ ਨੇ...*

ਅਖੌਤੀ ਬਾਬਿਆਂ ਦੇ ਵੱਧ ਰਹੇ ਪ੍ਰਸਾਰ ਬਾਰੇ ਸ਼ਮੀ ਆਖਦਾ ਹੈ —

*ਆਦਮੀ ਦਾ ਲਹੂ ਡੀਕ ਲਾ ਕੇ ਪੀਣ ਵਾਲਾ,*
*ਜਾਨਵਰਾਂ ਦੇ ਮਾਸ ਤੋਂ ਰਿਹਾ ਹੈ ਵਰਜ ...*

ਦੇਸ਼ ਵਿਚ ਫਿਰਕੂ ਤਾਕਤਾਂ ਅਤੇ ਦਹਿਸ਼ਤਗਰਦੀ ਵਿਰੁਧ ਸ਼ਮੀਂ ਦੀ ਕਲਮ ਦੀ ਦਲੇਰੀ ਕਾਬਿਲੇ ਤਾਰੀਫ ਹੈ। ਉਸਦੀ ਖੁੱਲੀ ਕਵਿਤਾ ਰੰਗ ਦੇ ਬਸੰਤੀ ਦੀਆਂ ਕੁਝ ਲਾਇਨਾਂ

*ਉੜੀਸਾ ਵਿੱਚ ਖ਼ਾਕੀ ਨਿੱਕਰਾਂ ਵਾਲਿਆਂ ਦਾ ਅਤਿਆਚਾਰ*
*ਖ਼ੂਨ ਦੀ ਹੋਲੀ ਤੇ ਬਲਾਤਕਾਰ*
*ਕਸ਼ਮੀਰ ਦੀ ਜ਼ੰਨਤ ਜਿਸ ਨੂੰ*
*ਜੇਹਾਦੀਆਂ ਨੇ ਬਣਾ ਦੇ ਦਿੱਤਾ*
*ਬਦਬੂਦਾਰ ਹੱਡਾ-ਰੋੜੀ ...*

ਸੰਨ 1984 ਦੇ ਦੁਖਾਂਤ ਨੂੰ ਸ਼ਮੀ ਇੰਝ ਬਿਆਨ ਕਰਦਾ ਹੈ —

*ਮੈਨੂੰ ਅੱਜ ਵੀ ਯਾਦ ਹੈ ਚੁਰਾਸੀ ਦਾ ਉਹ ਕਾਲ ਵਰ੍ਹਾ,*
*ਦਿੱਲੀ ਦੇ ਦੰਗੇ ਕੇਸਾਂ ਵਾਲੇ ਸਿਰ ਧੜ੍ਹ ਤੋਂ ਅਲੱਗ*
*ਨਫਰਤ ਦੀ ਅੱਗ, ਜਿਸ ਨੇ ਇਨਸਾਨ ਨੂੰ ਤਬਾਹ ਕਰ ਦਿੱਤਾ*
*ਇਨਸਾਨੀਅਤ ਨੂੰ ਸੁਆਹ ਕਰ ਦਿੱਤਾ ...*

ਕਵਿਤਾ ਇਕ ਅਜਿਹਾ ਸਾਗਰ ਹੈ, ਜਿਸ ਵਿੱਚ ਜੋ ਵੀ ਆਪਣੀ ਕਲਪਨਾ ਅਤੇ ਅਨੁਭਵ ਦੇ ਸਹਾਰੇ ਜਿੰਨਾ ਡੂੰਘਾ ਉੱਤਰਿਆ, ਉਸ ਨੂੰ ਉਹੀ ਸੱਚ ਲੱਗਾ ਪਰ ਹਾਲੇ ਤੱਕ ਕਿਸੇ ਨੇ ਵੀ ਇਸ ਨੂੰ ਸਰ ਕਰਨ ਦੀ ਹਾਮੀ ਨਹੀਂ ਭਰੀ। ਮੈਨੂੰ ਉਮੀਦ ਹੈ ਕਿ ਸ਼ਮੀ ਦਾ ਕਵਿਤਾ ਨਾਲ ਪਿਆਰ ਉਸ ਨੂੰ 'ਸ਼ਿਖ਼ਰ' 'ਤੇ ਲੈ ਕੇ ਜਾਵੇਗਾ। ਆਸ ਹੈ ਪੰਜਾਬੀ ਦਾ ਇਹ ਦਲੇਰ ਪੁੱਤਰ ਪੰਜਾਬੀ ਸਾਹਿਤ ਨੂੰ ਹੋਰ ਅਮੀਰ ਬਣਾਉਣ ਦੇ ਨਾਲ-ਨਾਲ ਸਮੇਂ-ਸਮੇਂ 'ਤੇ ਆਉਂਦੀਆਂ ਮੁਸ਼ਕਿਲਾਂ ਨੂੰ ਭੰਡਣ ਦੇ ਨਾਲ-ਨਾਲ ਹੱਲ ਵੀ ਦੱਸੇਗਾ। ਮੇਰੀ ਦੁਆ ਹੈ ਪੰਜਾਬੀ ਦੇ ਹੋਣਹਾਰ ਅਤੇ ਸੁਲਝੇ ਪਾਠਕਾਂ ਨੂੰ ਕਿ ਸ਼ਮੀ ਦੇ ਇਸ ਕਾਵਿ ਸੰਗ੍ਰਹਿ ਨੂੰ ਆਪਣੇ ਚੇਤਿਆਂ ਵਿੱਚ ਵਸਾ ਕੇ ਜਿੱਥੇ ਸਲਾਹੁਣਾ ਹੈ, ਉੱਥੇ ਯੋਗ ਅਗਵਾਈ ਵੀ ਕਰਨੀ ਹੈ ਤਾਂ ਕਿ ਸ਼ਾਇਰ ਭਵਿੱਖ ਵਿੱਚ ਹੋਰ ਵਧੀਆ ਲਿਖ ਸਕੇ।

ਤੁਹਾਡੇ ਦਿਲਾਂ ਦਾ ਪਾਤਰ

**- *ਜਸਦੀਪ ਬੱਧਣ***
(ਨੈਸ਼ਨਲ ਯੂਥ ਐਵਾਰਡੀ)

# ਤਤਕਰਾ


| ਨੰ. | ਕਵਿਤਾ | ਪੰਨਾ ਨੰ. |
|---|---|---|
| 1. | ਦਰਦ | 1 |
| 2. | ਕੁੱਖ ਵਿੱਚ ਧੀ ਦੀ ਹੱਤਿਆ ਮਾਂ ਦੀ ਮਜਬੂਰੀ | 2 |
| 3. | ਸ਼ਹੀਦ ਭਗਤ ਸਿੰਘ ਦੀ ਆਵਾਜ਼ | 3 |
| 4. | ਪਰਦੇਸ | 4 |
| 5. | ਬੇਵਸੀ | 5 |
| 6. | ਮਜ਼ਦੂਰ | 6 |
| 7. | ਰੌਸ਼ਨੀ | 7 |
| 8. | ਇਨਸਾਨ ਬਣ ਜਾਵਾਂ | 8 |
| 9. | ਖੁਸ਼ੀ | 9 |
| 10. | ਫਰਕ | 10 |
| 11. | ਜਲ੍ਹਿਆਂ ਵਾਲਾ ਬਾਗ਼ | 11 |
| 12. | ਬਾਪ | 12 |
| 13. | ਮੈਂ ਤੇ ਮੇਰੀ ਕਲਮ | 13 |
| 14. | ਆਮ ਇਨਸਾਨ | 15 |
| 15. | ਢੋਲ | 16 |
| 16. | ਪੰਜਾਬ ਦੀ ਯਾਦ | 17 |
| 17. | ਵਤਨ ਤੋਂ ਦੂਰ | 18 |
| 18. | ਦੋਸਤੀਆਂ ਤੇ ਰਿਸ਼ਤੇ | 19 |
| 19. | ਲੀਡਰ ਅਤੇ ਲੁਟੇਰੇ | 20 |
| 20. | ਅੱਗ | 21 |
| 21. | ਸਿਰਨਾਵੇਂ | 22 |
| 22. | ਸੱਚ | 23 |
| 23. | ਕਾਲੀ ਰਾਤ | 25 |
| 24. | ਖੁਆਇਸ਼ਾਂ | 27 |
| 25. | ਅੱਖਾਂ | 29 |

26. ਮੈਂ ਤੇ ਤੂੰ 30
27. ਧਰਮਾਂ ਦੀ ਜੰਗ 31
28. ਰੰਗ ਦੇ ਬਸੰਤੀ 32
29. ਪਤੀ-ਪਤਨੀ 35
30. ਭਾਰਤ ਬਨਾਮ ਸ਼ਮਸ਼ਾਨਘਾਟ 36
31. ਸਕੂਲ ਜਾਂ ਵਪਾਰਕ ਕੇਂਦਰ 37
32. ਸਿਪਾਹੀ ਬਨਾਮ ਖਿਡਾਰੀ 38
33. ਵਤਨਪ੍ਰਸਤੀ 39
34. ਰੁੱਖ 40
35. ਸੁੰਨਾ ਪੰਜਾਬ 42
36. ਤਕਰਾਰ 43
37. ਜ਼ਿੰਦਗੀ 44
38. ਮੈਂ ਪਰਦੇਸੀ 45
39. ਆਪਣੀ ਅਕਲ ਤੇ ਜੇਬ 46
40. ਆਦਮੀ ਤੂੰ ...... 47
41. ਆਦਮੀ 48
42. ਇਨਸਾਨ ਨੂੰ ਕੌਣ ਮਾਰੇ 49
43. ਦੁਨੀਆਂ 50
44. ਸ਼ਹੀਦ ਨੂੰ ਸਿਜਦਾ (ਸਲਾਮ) 51
45. ਕੋਈ ਵੀ ਨਾ ....... 52
46. ਪੰਜਾਬ ਦੀ ਵੰਡ 53
47. ਜਹਾਨ ਬਦਲ ਰਿਹਾ 54
48. ਲਾਹੌਰ ਦੀਆਂ ਗਲ੍ਹੀਆਂ 55
49. ਲਹੂ ਦੀ ਲਕੀਰ 56
50. ਨਸ਼ਿਆਂ ਵਿੱਚ ਡੁੱਬ ਰਿਹਾ ਪੰਜਾਬ 57
51. ਪੱਤਝੜ ਦੇ ਬਾਅਦ 59
52. ਰੰਗ 60
53. ਵਿਲਕਦਾ ਸ਼ਹਿਰ 61
54. ਮੈਂ ਮੁੱਕ ਰਿਹਾ ਹਾਂ 62
55. ਲਫਜ਼ਾਂ ਦੇ ਚਿਰਾਗ 63
56. "ਰੱਬ ਜੀ" 64
57. ਮਿੱਟੀ ਪੰਜਾਬ ਦੀ 65
58. ਰੁਕ ਨਾ ਜਾਵੀਂ 66
59. ਦਿਲਬਰ 67
60. ਕਾਮਿਆਂ ਦੇ ਚਿਹਰੇ..... 68
61. ਇਸ਼ਕ 69
62. ਪ੍ਰਚਾਰ ਨਾ ਕਰਿਆ ਕਰ 70
63. ਦੁੱਖਾਂ ਦੀ ਰਾਤ 71
64. ਮੌਸਮ ਸ਼ਹਿਰ ਦਾ 72
65. ਬੇਵਫ਼ਾ ਯਾਰ 73
66. ਇਕ ਕੁੜੀ 74
67. ਸਲਾਮ 75
68. ਦੁੱਖ ਪਰਦੇਸਾਂ ਦਾ 76
69. ਧੀਆਂ 77
70. ਸਬਰ 78
71. ਇਸ਼ਕ ਪਵਿੱਤਰ 79
72. ਮਾਂ ਬੋਲੀ ਪੰਜਾਬੀ 80
73. ਬਿਰਹਾ ਦਾ ਸੁਲਤਾਨ 81
74. ਕੁਝ ਪਤਾ ਨਹੀਂ 82
75. ਕਦੇ .... 83


* * *

# ਦਰਦ

ਮਾਂ ਦੀ ਕੁੱਖ ਦੇ ਦਰਦ ਨਾਲ, ਇਨਸਾਨ ਧਰਤੀ ’ਤੇ ਆਉਂਦਾ,
ਮਾਂ ਦੇ ਦੁੱਧ ਨੂੰ ਤਰਲੇ ਮਾਰੇ, ਜਦ ਭੁੱਖ ਦਾ ਦਰਦ ਸਤਾਉਂਦਾ।

ਜਿਉਂ ਜਿਉਂ ਜ਼ਿੰਦਗੀ ਵਧਦੀ ਜਾਵੇ, ਦਰਦ ਵੀ ਵਧਦਾ ਜਾਵੇ,
ਕਦੇ ਗਰੀਬੀ, ਬੇਰੁਜ਼ਗਾਰੀ, ਵੱਖ-ਵੱਖ ਰੂਪ ਵਿਖਾਉਂਦਾ।

ਇਸ ਦੇ ਵਾਰ ਤੋਂ ਦੁਨੀਆਂ ਦੇ ਵਿੱਚ, ਕੋਈ ਨਾ ਬੰਦਾ ਬਚਿਆ,
ਅਮੀਰ, ਗਰੀਬ, ਰਾਜਾ, ਰੰਕ ਹਰ ਕੋਈ ਦਰਦ ਹੰਢਾਉਂਦਾ।

ਵਿਧਵਾ ਨਾਰ ਨੂੰ ਐਸਾ ਚਿੰਬੜੇ, ਜਿਉਂ ਕੋਈ ਚਿੰਬੜਨ ਜੋਕਾਂ,
ਦਾਜ ਦਰਦ ਵਿਚ ਸੜਦੀ ਔਰਤ, ਅੱਗ ਨਾ ਕੋਈ ਬੁਝਾਉਂਦਾ।

ਆਸ਼ਿਕ ਦੇ ਲਈ ਤਿੱਖੀਆਂ ਸੂਲਾਂ, ਸ਼ਾਇਰ ਲਈ ਜਜ਼ਬਾਤ,
ਜੇ ਨਾ ਦਰਦ ਸਤਾਉਂਦਾ ਸ਼ਿਵ ਨੂੰ, ਕਿਵੇਂ ਉਹ ਲਿਖ ਪਾਉਂਦਾ।

ਦਰਦ ਮੌਤ ਦਾ ਐਸਾ ਹੁੰਦਾ ਜਿਸ ਤੋਂ ਹਰ ਕੋਈ ਡਰਦਾ,
ਇਹੀ ਦਰਦ ਹੈ “ਸ਼ਮੀ” ਜਿਹੜਾ ਸਾਰੇ ਦਰਦ ਮਿਟਾਉਂਦਾ।

* * *



# ਕੁੱਖ ਵਿੱਚ ਧੀ ਦੀ ਹੱਤਿਆ ਮਾਂ ਦੀ ਮਜਬੂਰੀ

ਮੇਰੀ ਕੁੱਖ ਵਿੱਚ ਸਹਿਕਦੀਏ ਧੀਏ ਨੀ ਤੈਨੂੰ ਜਨਮ ਨਹੀਂ ਮੈਂ ਦੇ ਸਕਦੀ,
ਤੇਰੀ ਹੱਤਿਆ ਮੇਰੀ ਮਜਬੂਰੀ ਹੈ ਤੈਨੂੰ ਆਪਣੀ ਨਹੀਂ ਮੈਂ ਕਹਿ ਸਕਦੀ।

ਤੂੰ ਆਖਦੀ ਏਂ ਤੂੰ ਹੋ ਸਕਦੀ ਮਦਰ ਟਰੇਸਾ ਜਾਂ ਫਿਰ ਝਾਂਸੀ ਦੀ ਰਾਣੀ,
ਉਹ ਤਾਂ ਲੱਖਾਂ ਵਿਚੋਂ ਹੋਈਆਂ ਇੱਥੇ ਲੱਖਾਂ ਹੀ ਜੰਮਦੀਆਂ ਨੈਨਾ ਸਾਹਨੀ।

ਜਿਨ੍ਹਾਂ ਨੂੰ ਜਿਉਂਦੇ ਜੀਅ ਹੀ ਸਾੜ ਦਿੰਦੇ ਨੇ ਇਹ ਜੋ ਜ਼ਾਲਮੀ ਬੇਦਰਦ ਸਮਾਜ,
ਇਹ ਤਾਂ ਕੰਨੀ ਬੋਲ਼ਾ ਹੋ ਗਿਆ ਹੈ ਨਾ ਸੁਣੇ ਔਰਤ ਦੀ ਕੋਈ ਆਵਾਜ਼।

ਜ਼ਮਾਨੇ ਦੀਆਂ ਹਵਸ ਭਰੀਆਂ ਨਜ਼ਰਾਂ ਤੋਂ ਦੱਸ ਤੈਨੂੰ ਕਿੰਝ ਬਚਾਵਾਂਗੀ,
ਦਾਜ ਦੀ ਅੱਗ ਦੀਆਂ ਲਪਟਾਂ ਤੋਂ ਨੀ ਝੱਲੀਏ ਤੈਨੂੰ ਕਿੰਝ ਛੁਡਾਵਾਂਗੀ।

ਅੰਨ੍ਹੀਆਂ ਹੋ ਜਾਣਗੀਆਂ ਜਿਸ ਦਿਨ ਸਮਾਜ ਦੀਆਂ ਇਹ ਗੰਦੀਆਂ ਨਜ਼ਰਾਂ,
ਜਾਣ ਜਾਵੇ ਰੁਤਬਾ ਔਰਤ ਦਾ ਨਾਲੇ ਇਸ ਦੀਆਂ ਕੀਮਤਾਂ ਅਤੇ ਕਦਰਾਂ।

ਉਸ ਦਿਨ ਬੜੇ ਚਾਵਾਂ ਸੱਧਰਾਂ ਨਾਲ ਤੈਨੂੰ ਦੇਵਾਂਗੀ ਜਨਮ ਨੀ ਧੀਏ।
ਹੁਣ ਤੇਰੀ ਹੱਤਿਆ ਮੇਰੀ ਮਜਬੂਰੀ ਆਪਣਾ ਦੋਵਾਂ ਦਾ ਕਰਮ ਨੀ ਧੀਏ।

* * *

# ਸ਼ਹੀਦ ਭਗਤ ਸਿੰਘ ਦੀ ਆਵਾਜ਼

ਮੈਂ ਅੱਜ ਵੀ ਜਦੋਂ ਹਿੰਦੋਸਤਾਨ ਦੇਖਦਾ ਹਾਂ,
ਗੁਲਾਮੀ ਦੇ ਓਹੀ ਪੁਰਾਣੇ ਨਿਸ਼ਾਨ ਵੇਖਦਾ ਹਾਂ।

ਖੌਲ ਉਠਦਾ ਹੈ ਮੇਰੀਆਂ ਰਗਾਂ ਦਾ ਲਹੂ,
ਇਨਸਾਫ ਲਈ ਤੜਫਦਾ ਜਦੋਂ ਇਨਸਾਨ ਦੇਖਦਾ ਹਾਂ।

ਕੀ ਕਰਾਗਾਂ ਮੈਂ ਸ਼ਾਹੂਕਾਰਾਂ ਦੀ ਬੁਲੰਦੀ ਨੂੰ,
ਮਜ਼ਦੂਰ ਦੇ ਰੁਲਦੇ ਹੋਏ ਅਰਮਾਨ ਦੇਖਦਾ ਹਾਂ।

ਰਾਜ ਨੇਤਾ ਅਤੇ ਫਰੰਗੀ ਵਿਚ ਕੋਈ ਫ਼ਰਕ ਨਾ ਰਿਹਾ,
ਇਨ੍ਹਾਂ ਦੋਵਾਂ ਦੇ ਇਰਾਦੇ ਇਕ ਸਮਾਨ ਦੇਖਦਾ ਹਾਂ।

ਅਫ਼ਸਰਸ਼ਾਹੀ ਅਤੇ ਲੁੱਟ-ਖੋਹ ਦਾ ਬਾਜ਼ਾਰ,
ਹਰ ਪਾਸੇ ਭ੍ਰਿਸ਼ਟਾਚਾਰ ਦੀ ਦੁਕਾਨ ਦੇਖਦਾ ਹਾਂ।

ਖ਼ਤਮ ਹੋਈ ਨਾ ਅਜੇ ਊਚ-ਨੀਚ ਦੀ ਲੜਾਈ,
ਧਰਮਾਂ ਦੇ ਨਾਂ 'ਤੇ ਨਿੱਤ ਕਤਲੇਆਮ ਦੇਖਦਾ ਹਾਂ।

ਵਧ ਰਹੀ ਹੈ ਬੇਇਨਸਾਫੀ ਅਤੇ ਰਿਸ਼ਵਤਖੋਰੀ,
ਕਾਨੂੰਨ ਦੇ ਰਾਖੇ ਬੇਇਮਾਨ ਦੇਖਦਾ ਹਾਂ।

ਮੈਂ ਆਵਾਂਗਾ ਫਿਰ ਰਾਜਗੁਰੂ ਅਤੇ ਸੁਖਦੇਵ ਨਾਲ,
ਮੈਂ ਅੱਜ ਵੀ ਆਪਣਾ ਦੇਸ਼ ਗੁਲਾਮ ਦੇਖਦਾ ਹਾਂ।

ਜੀ ਕਰਦਾ ਹੈ ਫਿਰ ਚੁੰਮਾਂ ਉਹੀ ਫਾਂਸੀ ਦਾ ਫੰਦਾ,
ਭਾਰਤ ਮਾਂ ਨੂੰ ਜਦ ਲਹੂ ਲੁਹਾਨ ਦੇਖਦਾ ਹਾਂ।

ਮੇਰਾ ਅੱਜ ਵੀ ਹੈ ਸੁਪਨਾ ਇਕ ਨਵੇਂ ਭਾਰਤ ਦਾ,
ਜਿੱਥੇ ਹਰ ਹਿੰਦ ਵਾਸੀ ਲਈ ਮੁਸਕਾਨ ਦੇਖਦਾ ਹਾਂ।

ਜਿੱਥੇ ਨਾ ਕੋਈ ਫਿਰਕਾ ਤੇ ਨਾ ਕੋਈ ਮਜ਼੍ਹਬੀ ਫਸਾਦ,
ਜਿੱਥੇ ਇਨਸਾਨੀਅਤ ਤੇ ਸਿਰਫ ਇਨਸਾਨ ਦੇਖਦਾ ਹਾਂ।

* * *



# ਪਰਦੇਸ

ਇਹ ਕੈਸਾ ਹੈ ਦੇਸ ਉਹ ਯਾਰਾ ਇਹ ਕੈਸਾ ਹੈ ਦੇਸ,
ਕਿਉਂ ਕਹਿੰਦੇ ਬੇਗਾਨਾ ਇਸ ਨੂੰ ਕਿਉਂ ਕਹਿੰਦੇ ਪਰਦੇਸ।

ਮੌਸਮ ਵਾਂਗੂ ਬਦਲ ਗਏ ਇੱਥੇ ਰਿਸ਼ਤੇ ਨਾਤੇ ਸਾਰੇ,
ਪੈ ਗਈਆਂ ਤਨਹਾਈਆਂ ਪੱਲੇ ਹਉਕੇ ਹੰਝੂ ਖਾਰੇ,
ਕਿਸਨੂੰ ਕਹੀਏ ਆਪਣਾ ਇੱਥੇ ਸਭ ਦਾ ਨਕਲੀ ਭੇਸ।

ਤੇਜ਼ ਦੌੜਦੇ ਜ਼ਿੰਦਗੀ ਲਈ ਅਸਾਂ ਠੋਕਰ ਖਾ ਲਈ,
ਹਾਸੇ ਲੱਭਦੇ ਲੱਭਦਿਆਂ ਨੇ ਮੁਸਕਾਨ ਗੁਆ ਲਈ,
ਲੋਕੀ ਸਮਝਣ ਜ਼ਿੰਦਗੀ ਮੇਰੀ ਫੁੱਲਾਂ ਦੀ ਬਣੀ ਸੇਜ਼।

ਦਰਦਾਂ ਦੇ ਇਸ ਦੇਸ਼ 'ਚ ਯਾਰੋ ਹਰ ਇਕ ਦਰਦ ਅਵੱਲਾ,
ਲੱਖਾਂ ਮਹਿਫਲਾਂ ਦੇ ਵਿੱਚ ਫਿਰਦਾ 'ਸ਼ਮੀ' ਕੱਲਮ ਕੱਲਾ,
ਰੰਗਲੀ ਦੁਨੀਆਂ ਦੇ ਵਿੱਚ ਯਾਰਾ ਲਹੂ ਦਾ ਰੰਗ ਸਫੇਦ।

* * *

# ਬੇਵਸੀ

ਮੈਂ ਅਕਸਰ ਡਰ ਜਾਂਦਾ ਹਾਂ ਵਾਵਰੋਲਿਆਂ ਤੋਂ,
ਬੰਦੂਕਾਂ ਦੀ ਆਵਾਜ਼ ਤੇ ਮਜ਼ਬੀ ਰੌਲਿਆਂ ਤੋਂ।

ਜਦੋਂ ਦਹਿਸ਼ਤਵਾਦੀ ਲੁੱਟਦਾ ਹੈ ਇਨਸਾਨੀਅਤ ਨੂੰ,
ਰੋਕ ਨਹੀਂ ਪਾਉਂਦਾ ਮੈਂ ਉਸ ਦੀ ਹੈਵਾਨੀਅਤ ਨੂੰ।

ਨਾ ਰੋਕ ਸਕਾਂ ਮੰਦਿਰ ਮਸਜ਼ਿਦ ਦੇ ਵਿਵਾਦ ਨੂੰ,
ਰਾਮ, ਅੱਲ੍ਹਾ ਵਿਚਲੇ ਵਧ ਰਹੇ ਫਸਾਦ ਨੂੰ।

ਮੈਂ ਤੇ ਦੂਰ ਖੜ੍ਹਾ ਦੇਖਦਾ ਹੀ ਰਹਿ ਜਾਂਦਾ ਹਾਂ,
ਫਿਰ ਮੱਥੇ 'ਤੇ ਹੱਥ ਰੱਖ ਕੇ ਬਹਿ ਜਾਂਦਾ ਹਾਂ।

ਖ਼ੂਨੀ ਖਬਰਾਂ ਪੜ੍ਹ ਖੁਦ ਵੀ ਲਹੂ ਲੁਹਾਨ ਹਾਂ,
ਮੈਂ ਹਿੰਦੋਸਤਾਨ ਦਾ ਬੇਬੱਸ ਇਨਸਾਨ ਹਾਂ।

* * *



# ਮਜ਼ਦੂਰ

ਮੈਂ ਮਜ਼ਦੂਰ ਦੇ ਨਾਲ ਹਮੇਸ਼ਾ ਉਸ ਦੀ ਥਕਾਨ ਦੇਖਦਾ ਹਾਂ,
ਮਿਹਨਤੀ ਹੱਥਾਂ ਉੱਤੇ ਜ਼ਖ਼ਮਾਂ ਦੇ ਡੂੰਘੇ ਨਿਸ਼ਾਨ ਦੇਖਦਾ ਹਾਂ।

ਮੈਂ ਜਦ ਵੀ ਦੇਖਦਾ ਹਾਂ ਨੁਮਾਇਸ਼ੀ ਬੁੱਤਾਂ ਦੀ ਮੀਨਾਕਾਰੀ ਨੂੰ,
ਉਥੇ ਮਜ਼ਦੂਰ ਦੀ ਮਿਹਨਤ ਨੂੰ ਹਮੇਸ਼ਾ ਬੇਨਾਮ ਦੇਖਦਾ ਹਾਂ।

ਸਾਰੀ ਦੁਨੀਆਂ ਦੇਖਦੀ ਹੈ ਤਾਜ ਮਹੱਲ ਦੀ ਖ਼ੂਬਸੂਰਤੀ ਨੂੰ,
ਮੈਂ ਤੇ ਵੀਹ ਹਜ਼ਾਰ ਮਜ਼ਦੂਰਾਂ ਦਾ ਸ਼ਮਸ਼ਾਨ ਦੇਖਦਾ ਹਾਂ।

ਮਹਿੰਗਾਈ ਤੇ ਗਰੀਬੀ ਦੀ ਮਾਰ ਨਾਲ ਮੁਰਝਾਇਆ ਚਿਹਰਾ,
ਮਜ਼ਬੂਰੀਆਂ 'ਚ ਹਰ ਵੇਲੇ ਧੁੱਖਦੀ ਹੋਈ ਮੁਸਕਾਨ ਵੇਖਦਾ ਹਾਂ।

ਕਦੇ ਉਸ ਨੂੰ ਤਿੱਖੀਆਂ ਧੁੱਪਾਂ ਵਿੱਚ ਨੰਗੇ ਪਿੰਡੇ ਰੋੜੀ ਕੁੱਟਦਾ,
ਕਦੇ ਖੇਤਾਂ 'ਚ ਮਿੱਟੀਓਂ-ਮਿੱਟੀ ਹੋਇਆ ਪ੍ਰੇਸ਼ਾਨ ਦੇਖਦਾ ਹਾਂ।

ਜ਼ਿੰਦਗੀ ਨੂੰ ਜੀਣ ਲਈ ਉਹ ਖੁਦ ਨੂੰ ਹੀ ਮਾਰ ਰਿਹਾ,
ਭੁੱਖ ਨਾਲ ਤੜਫਦੇ ਢਿੱਡ ਲਈ ਲਹੂ ਲੁਹਾਨ ਦੇਖਦਾ ਹਾਂ।

"ਸ਼ਮੀ" ਨਹੀਂ ਦੇਖਿਆ ਕੋਈ ਲੜਦਾ ਮਜ਼ਦੂਰ ਦੇ ਹੱਕਾਂ ਦੀ ਲੜਾਈ,
ਲਾਰੇ ਲਾਉਣ ਵਾਲੇ ਨੇਤਾ ਤੇ ਮਤਲਬੀ ਪ੍ਰਧਾਨ ਵੇਖਦਾ ਹਾਂ।

* * *

# ਰੌਸ਼ਨੀ

ਰੋਜ਼ ਸਵੇਰੇ ਰੌਸ਼ਨੀ ਹੋਵੇ, ਸੂਰਜ ਜਦੋਂ ਚੜ੍ਹ ਜਾਵੇ,
ਕਾਲੀ ਰਾਤ ਦਾ ਘੋਰ ਹਨ੍ਹੇਰਾ, ਦੂਰੋਂ ਹੀ ਭੱਜ ਜਾਵੇ।

ਭੁੱਖੇ ਲਈ ਰੌਸ਼ਨੀ ਰੋਟੀ, ਢਿੱਡ ਦੀ ਭੁੱਖ ਮਿਟਾਵੇ,
ਪਿਆਸੇ ਲਈ ਪਾਣੀ ਹੁੰਦੀ, ਡੂੰਘੀ ਪਿਆਸ ਬੁਝਾਵੇ।

ਗਰੀਬ ਲਈ ਉਹਦੀ ਕੁੱਲੀ ਰੌਸ਼ਨੀ, ਤਨ ਨੂੰ ਜੋ ਲੁਕਾਵੇ,
ਲੰਗੜੇ ਦੀ ਹੈ ਲਾਠੀ ਰੌਸ਼ਨੀ, ਡਿੱਗਦੇ ਨੂੰ ਬਚਾਵੇ।

ਮਾਂ ਲਈ ਔਲਾਦ ਰੌਸ਼ਨੀ, ਹਿੱਕ ਲਾਇਆਂ ਠੰਡ ਪਾਵੇ,
ਧੀ ਲਈ ਜਨਮ ਰੌਸ਼ਨੀ, ਜੇ ਮਾਂ ਨਾ ਕੁੱਖ ਨੂੰ ਅੱਗ ਲਾਵੇ

ਮੂਰਖ ਲਈ ਗਿਆਨ ਰੌਸ਼ਨੀ, ਜੋ ਸਿੱਧਾ ਰਾਹ ਦਿਖਾਵੇ,
ਸ਼ਾਇਰ ਦੀ ਹੈ ਕਲਮ ਰੌਸ਼ਨੀ, ਜੋ ਸੱਚ ਦੀ ਗੱਲ ਲਿਖਾਵੇ।

ਰੌਸ਼ਨੀ ਰੱਬ ਦਾ ਨਾਮ ਹੈ ਦੂਜਾ, ਹਰ ਕੋਈ ਸੀਸ ਝੁਕਾਵੇ,
ਇਸ ਤੋਂ ਵੱਖਰਾ ਹੋ ਕੇ "ਸ਼ਮੀ", ਕੁਝ ਵੀ ਦੇਖ ਨਾ ਪਾਵੇ।

* * *



# ਇਨਸਾਨ ਬਣ ਜਾਵਾਂ

ਜੀ ਕਰਦਾ ਹੈ ਕਿ
ਮੈਂ ਇਨਸਾਨ ਬਣ ਜਾਵਾਂ,
ਹਰ ਇਕ ਨੂੰ ਆਪਣੇ,
ਗਲ ਨਾਲ ਲਾਵਾਂ
ਮਿਟਾ ਦੇਵਾਂ ਸਾਰੀਆਂ ਹੀ ਹੱਦਾਂ,
ਤੇ ਇਕ ਨਵਾਂ ਜਹਾਨ ਬਣਾਵਾਂ

ਮੈਂ ਇਨਸਾਨ ਹੋ ਕੇ ਵੀ,
ਇਨਸਾਨ ਬਣਨ ਦੇ ਲਈ ਲੋਚਦਾ ਹਾਂ
ਜ਼ਿੰਦਗੀ ਨੂੰ ਜ਼ਿੰਦਗੀ ਦੀ ਤਰ੍ਹਾਂ,
ਜੀਣ ਲਈ ਸੋਚਦਾ ਹਾਂ
ਐਪਰ ਮੈਂ ਆਪਣੀ ਸੋਚ ਵਿਚ ਹੀ
ਡਗਮਗਾ ਜਾਂਦਾ ਹਾਂ,
ਮੈਂ ਆਪਣੀ ਸੋਚ ਦੇ ਹੱਥੋਂ ਹੀ
ਠੇਡਾ ਖਾ ਜਾਂਦਾ ਹਾਂ।

ਊਚ-ਨੀਚ, ਜਾਤ-ਪਾਤ ਅਤੇ
ਧਰਮਾਂ ਦੇ ਵਿਵਾਦ,
ਮੇਰੀ ਜੀਭ ਨੂੰ ਚਖਣ ਨਹੀਂ ਦੇਂਦੇ
ਕਦੇ ਪ੍ਰੇਮ ਦਾ ਸੁਆਦ,
ਨਫ਼ਰਤ ਅਤੇ ਘੁਮੰਡ ਦੀਆਂ
ਗਲ੍ਹੀਆਂ ਵਿੱਚ ਭਟਕ ਰਿਹਾ ਹਾਂ,
ਇਨਸਾਨ ਹੋ ਕੇ ਵੀ ਮੈਂ
ਇਨਸਾਨੀਅਤ ਨੂੰ ਤਰਸ ਰਿਹਾ ਹਾਂ।

* * *

# ਖੁਸ਼ੀ

ਮੇਰੀ ਹਰ ਖੁਸ਼ੀ ਹੁੰਦੀ ਏ ਪਲ ਦੋ ਪਲ ਦੀ,
ਕੋਹਾਂ ਲੰਬੀ ਰਾਹ ਲੱਗੇ ਤਪਦੇ ਥਲ ਦੀ।

ਮੇਰੇ ਵਾਂਗੂ ਇਹ ਵੀ ਜੋ ਕਦੇ ਨਾ ਬੈਠਦੀ,
ਵਕਤ ਦੀਆਂ ਸੂਈਆਂ ਤੋਂ ਵੀ ਤੇਜ਼ ਚੱਲਦੀ।

ਜਦ ਵੀ ਮੈਂ ਚਾਹਿਆ ਇਹਨੂੰ ਆਪਣਾ ਬਣਾ ਲਵਾਂ,
ਹੋਈ ਨਾ ਕਦੇ ਵੀ ਇਹ ਤਾਂ ਮੇਰੇ ਵੱਲ ਦੀ।

ਲੱਭ-ਲੱਭ ਇਹਨੂੰ ਮੈਂ ਹੋ ਗਿਆ ਪਰਦੇਸੀ,
ਗੁਆਚ ਗਿਆ ਖ਼ੁਦ ਪਰ ਇਹ ਨਾ ਕਿਤੇ ਲੱਭਦੀ।

ਜੀ ਕਰੇ ਰੱਜ ਕੇ ਦੀਦਾਰ ਇਹਦਾ ਕਰ ਲਵਾਂ,
ਮੇਰੀ ਜ਼ਿੰਦਗੀ ਦੀ ਸ਼ਾਮ ਜਾਵੇ ਹੁਣ ਢਲਦੀ।

ਖੁਸ਼ੀਆਂ ਤੇ ਖੇੜੇ ਕੌਣ ਦੇਵੇ 'ਸ਼ਮੀ' ਨੂੰ,
ਜ਼ਮਾਨੇ ਦੇ ਹਰ ਪਾਸੇ ਗਮ ਦੀ ਹਵਾ ਚੱਲਦੀ।

* * *



# ਫਰਕ

ਇਨਸਾਨ ਹੀ ਫਰਕ ਕਰਦਾ ਹੈ,
ਇਨਸਾਨੀਅਤ ਅਤੇ ਇਨਸਾਨ ਵਿੱਚ।

ਇਨਸਾਨੀਅਤ ਲੱਭਿਆਂ ਨਾ ਲੱਭਦੀ,
ਇਨਸਾਨਾਂ ਦੇ ਜਹਾਨ ਵਿੱਚ।

ਊਚ-ਨੀਚ ਦੀ ਇਹ ਤਲਵਾਰ ਤਿੱਖੀ,
ਨਾ ਆਉਂਦੀ ਕਿਸੇ ਮਿਆਨ ਵਿੱਚ।

ਸ਼ਰੇਆਮ ਪਿਆਰ ਸੜ ਰਿਹਾ,
ਮਜ਼੍ਹਬਾਂ ਦੇ ਸ਼ਮਸ਼ਾਨ ਵਿੱਚ।

ਭੇਦ-ਭਾਵ ਦੀ ਕੰਧ ਹੋਈ ਉੱਚੀ,
ਸਿੱਖ ਇਸਾਈ ਹਿੰਦੂ ਮੁਸਲਮਾਨ ਵਿੱਚ।

ਸਿਰ ਕੱਟਿਆ ਗਿਆ ਉਸ ਸ਼ਖ਼ਸ ਦਾ,
ਜੋ ਵੀ ਨਿੱਤਰਿਆ ਸੱਚ ਦੇ ਮੈਦਾਨ ਵਿੱਚ।

ਚੁੱਪ ਕਰਕੇ ਬੈਠ ਜਾ ਤੂੰ 'ਸ਼ਮੀ' ਉਏ,
ਮੌਤ ਮਿਲੇਗੀ ਵਰਨਾ ਇਨਾਮ ਵਿੱਚ।

* * *

# ਜਲ੍ਹਿਆਂ ਵਾਲਾ ਬਾਗ਼

ਜਲ੍ਹਿਆਂ ਵਾਲੇ ਬਾਗ਼ 'ਚੋਂ ਅੱਜ ਵੀ ਰੋਣ ਆਵਾਜ਼ਾਂ ਆਉਂਦੀਆਂ ਨੇ,
ਖ਼ੂਨੀ ਖੂਹ ਵਿੱਚ ਦੱਬੀਆਂ ਰੂਹਾਂ ਰੋ ਰੋ ਤਰਲੇ ਪਾਉਂਦੀਆਂ ਨੇ।

ਨਾਲ ਲਹੂ ਦੇ ਭਿੱਜੀ ਹੋਈ ਮਿੱਟੀ ਡਾਢਾ ਦਰਦ ਹੰਢਾ ਰਹੀ,
ਹਰ ਹਿੰਦਵਾਸੀ ਨੂੰ ਉਹ ਆਪਣੇ ਡੂੰਘੇ ਜ਼ਖਮ ਦਿਖਾ ਰਹੀ,
ਕੰਧਾਂ ਦੇ ਵਿੱਚ ਖੁੱਬੀਆਂ ਗੋਲੀਆਂ ਮੇਰਾ ਦਿਲ ਦੁਖਾਉਂਦੀਆਂ ਨੇ।

ਹਰ ਕੋਨੇ ਦੇ ਵਿੱਚ ਉਦਾਸੀ, ਢਲਦਾ ਨਾ ਦੁੱਖ ਦਾ ਪਰਛਾਵਾਂ,
ਵੈਸਾਖੀ ਦਾ ਦਿਨ ਗੁੰਮਸੁਮ ਹੋਇਆ, ਸੋਗ 'ਚ ਬੈਠੀਆਂ ਨੇ ਜਿਵੇਂ ਮਾਵਾਂ,
ਨਾ ਤਿੱਤਲੀ ਨਾ ਭੌਰੇ ਉੱਡਦੇ, ਨਾ ਕੋਇਲਾਂ ਗੀਤ ਸੁਣਾਉਂਦੀਆਂ ਨੇ।

ਇਸ ਮਿੱਟੀ ਦੀਆਂ ਸਿਸਕੀਆਂ ਸੁਣ ਕੇ ਊਧਮ ਸਿੰਘ ਸੀ ਖੜ੍ਹ ਉਠਿਆ,
ਗੋਰੀ ਧਰਤੀ 'ਤੇ ਜਾ ਕੇ ਜ਼ਾਲਿਮ ਡਾਇਰ ਨੂੰ ਭੁੰਨ ਸੁੱਟਿਆ,
ਭਗਤ ਸਿੰਘ ਜਿਹੇ ਸੂਰਮਿਆਂ ਵਿੱਚ 'ਸ਼ਮੀ' ਅਣਖ ਜਗਾਉਂਦੀਆਂ ਨੇ।

* * *



# ਬਾਪ

ਮਾਂ ਹੁੰਦੀ ਰੱਬ ਵਰਗੀ ਸਾਰੀ ਦੁਨੀਆਂ ਜਾਣਦੀ,
ਮਾਂ ਵਰਗੀ ਹੀ ਹੁੰਦੀ ਏ ਕੁਰਬਾਨੀ ਬਾਪ ਦੀ।

ਮਿਹਨਤ ਨਾਲ ਕਰੇ ਇਕੱਠੇ ਬੱਚਿਆਂ ਲਈ ਨਿਵਾਲੇ,
ਪਿਆਰ ਦੀ ਦਿੰਦੇ ਨੇ ਗਵਾਹੀ ਹੱਥੀਂ ਪਏ ਛਾਲੇ,
ਦਿਨ ਰਾਤੀਂ ਜਿਹਨੂੰ ਰਹਿੰਦੀ ਏ ਚਿੰਤਾ ਔਲਾਦ ਦੀ।
ਮਾਂ ਵਰਗੀ ਹੀ ਹੁੰਦੀ ਏ ਕੁਰਬਾਨੀ ਬਾਪ ਦੀ ...

ਧੀਆਂ-ਪੁੱਤਰਾਂ ਦਾ ਹੱਥ ਫੜ੍ਹ ਚੱਲਣਾ ਸਿਖਾਵੇ,
ਡਿੱਗਦਿਆਂ ਨੂੰ ਝੱਟ ਆਪਣੀ ਹਿੱਕ ਨਾਲ ਲਾਵੇ,
ਕਰਦਾ ਏ ਰਖਵਾਲੀ ਜਿਉਂ ਕੋਈ ਮਾਲੀ ਬਾਗ ਦੀ।
ਮਾਂ ਵਰਗੀ ਹੀ ਹੁੰਦੀ ਏ ਕੁਰਬਾਨੀ ਬਾਪ ਦੀ ...

ਮੈਂ ਕੀ ਦੱਸਾਂ ਬਾਪ ਦਾ ਰਿਸ਼ਤਾ ਕੀ ਕੁਝ ਕਰਦਾ ਏ,
ਬੱਚਿਆਂ ਦੀ ਜ਼ਿੰਦਗੀ ਲਈ ਸੌ ਮੌਤਾਂ ਮਰਦਾ ਏ,
ਭੁੱਲ ਜਾਏ ਜੀਣਾ 'ਸ਼ਮੀ' ਜ਼ਿੰਦਗੀ ਆਪਣੇ ਆਪ ਦੀ।
ਮਾਂ ਵਰਗੀ ਹੀ ਹੁੰਦੀ ਏ ਕੁਰਬਾਨੀ ਬਾਪ ਦੀ ...

* * *

# ਮੈਂ ਤੇ ਮੇਰੀ ਕਲਮ

ਬਹੁਤ ਫਰਕ ਹੈ ਮੇਰੇ ਅਤੇ ਮੇਰੀ ਕਲਮ ਵਿੱਚ
ਕਿਉਂਕਿ ਇਹ ਮੇਰੇ ਵਾਂਗੂ ਰੋਟੀ ਨਹੀਂ,
ਮੇਰੇ ਹੀ ਜਿਗਰ ਦਾ ਖ਼ੂਨ ਮੰਗਦੀ ਹੈ,
ਮੇਰਾ ਜਨੂੰਨ ਮੰਗਦੀ ਹੈ
ਮੰਗਦੀ ਹੈ ਮੇਰੇ ਅਹਿਸਾਸਾਂ ਦੀ ਬਲੀ
ਤੇ ਫਿਰ ਆਉਂਦਾ ਹੈ ਸੋਚਾਂ ਦਾ ਤੂਫਾਨ
ਜਿਸ ਵਿੱਚ ਮੈਨੂੰ ਉਲਝਣਾ ਪੈਂਦਾ ਹੈ,
ਮੈਂ ਡਰ ਜਾਂਦਾ ਹਾਂ, ਪਰ ਇਹ
ਡਰਦੀ ਨਹੀਂ, ਥੱਕਦੀ ਨਹੀਂ, ਰੁਕਦੀ ਨਹੀਂ,
ਜ਼ੁਲਮ ਦੇ ਅੱਗੇ ਝੁਕਦੀ ਨਹੀਂ,
ਬਸ ਜੋ ਕੁਝ ਵੀ ਲਿਖਦੀ ਏ,
ਸੱਚ ਲਿਖਦੀ ਏ,
ਭਾਵੇਂ ਕਿੰਨਾ ਵੀ ਫਰਕ ਹੈ,
ਅਸਾਂ ਦੋਵਾਂ ਵਿਚਕਾਰ
ਫਿਰ ਵੀ ਮੇਰਾ ਗੂੜ੍ਹਾ ਰਿਸ਼ਤਾ ਹੈ ਇਸ ਨਾਲ,
ਕਦੇ ਇਹ ਮੈਨੂੰ ਝਰਨਿਆਂ ਵਿੱਚ



ਅਤੇ ਕਦੇ ਸਮੁੰਦਰੀ ਗਹਿਰਾਈਆਂ
ਤੱਕ ਲੈ ਜਾਂਦੀ ਹੈ,
ਕਦੇ ਫੁੱਲਾਂ ਦੀ ਮਹਿਕ ਬਣ ਜਾਵੇ
ਕਦੇ ਕੰਡਿਆਂ 'ਤੇ ਤੁਰਾਂਦੀ ਹੈ,
ਕਦੇ ਹਸਾਂਦੀ ਹੈ ਕਦੇ ਰਵਾਉਂਦੀ ਹੈ,
ਰਾਤਾਂ ਨੂੰ ਜਗਾਂਦੀ ਹੈ।
ਕਦੇ ਸਕੂਨ ਕਦੇ ਤੜਪਾਂਦੀ ਹੈ,
ਮੈਂ ਕੱਲ੍ਹ ਮਰ ਜਾਵਾਂਗਾ,
ਸੜ ਜਾਵਾਂਗਾ,
ਮੇਰੀ ਕਲਮ ਮੇਰੇ ਸੋਗ ਵਿੱਚ ਬੈਠ ਜਾਵੇਗੀ,
ਪਰ ਇਸ ਦੇ ਦੁਆਰਾ ਲਿਖੇ ਹੋਏ
ਸੱਚ ਦੇ ਹਰਫ ਹਮੇਸ਼ਾਂ ਰਹਿਣਗੇ
ਕਿਉਂਕਿ ਸੱਚ ਕਦੇ ਮਰਦਾ ਨਹੀਂ,
ਸੜਦਾ ਨਹੀਂ,
ਇਹ ਤਾਂ ਅਮਰ ਹੋ ਜਾਂਦਾ ਹੈ,
ਸੱਚ ਰੱਬ ਹੁੰਦਾ ਹੈ ਤੇ ਮੈਂ
ਰੱਬ ਨਹੀਂ ਹਾਂ, ਇਨਸਾਨ ਹਾਂ,
ਇਸ ਲਈ ਬਹੁਤ ਫਰਕ ਹੈ,
ਮੇਰੇ ਅਤੇ ਮੇਰੀ ਕਲਮ ਵਿੱਚ

* * *

# ਆਮ ਇਨਸਾਨ

ਮੈਂ ਭਾਰਤ ਦਾ ਇਕ ਆਮ ਇਨਸਾਨ ਹਾਂ,
ਮੇਰੇ ਨਾਲ ਤਾਜ ਮਹਿਲ ਦੇ ਪੱਥਰਾਂ ਦੀ ਨਹੀਂ
ਰੋਟੀ ਦੀ ਗੱਲ ਕਰੋ।
ਕਿਉਂਕਿ ਪੱਥਰਾਂ ਨਾਲ ਕਦੇ ਢਿੱਡ ਨਹੀਂ ਭਰਦਾ,
ਰਹਿਣ ਦਿਓ ਓਏ ਕ੍ਰਿਕਟ ਦੇ ਚੌਕੇ-ਛੱਕਿਆਂ ਨੂੰ
ਸਾਡੇ ਤਾਂ ਬੇਰੁਜ਼ਗਾਰੀ ਨੇ ਪਹਿਲਾਂ ਹੀ
ਛੱਕੇ ਛੁਡਾਏ ਹੋਏ ਨੇ
ਮੈਂ ਕੀ ਲੈਣਾ ਉਲੰਪਿਕ ਦੇ ਤਗਮਿਆਂ ਤੋਂ
ਮੈਨੂੰ ਤਾਂ ਰੋਟੀ ਵਿੱਚੋਂ ਹੀ ਸੋਨੇ ਦੀ
ਚਮਕ ਨਜ਼ਰ ਆਉਂਦੀ ਏ।
ਓਏ ਸ਼ੇਅਰ ਬਾਜ਼ਾਰ ਦੇ ਉਤਾਰ-ਚੜਾਅ ਦੀ
ਗੱਲ ਕਰਨ ਵਾਲਿਓ, ਕਦੇ ਦੇਸ਼ ਦੀ
ਗਰੀਬੀ ਦੇ ਵੱਧ ਰਹੇ ਗਰਾਫ ਵੱਲ
ਵੀ ਨਜ਼ਰ ਮਾਰ ਲਵੋ,
ਤੁਸੀਂ ਦੇਖਦੇ ਰਹੋ ਉਤਾਹਾਂ ਨੂੰ
ਅਸਮਾਨ ਛੂੰਹਦੀਆਂ ਤਾਰੇ ਛੂੰਹਦੀਆਂ
ਉੱਚੀਆਂ ਉੱਚੀਆਂ ਮੰਜ਼ਿਲਾਂ
ਮੈਨੂੰ ਜ਼ਮੀਨ ਤੇ ਗਰੀਬੀ ਨਾਲ ਰੇਂਗਦੀ
ਇਨਸਾਨੀਅਤ ਨਜ਼ਰ ਆਉਂਦੀ ਏ।
ਤੇ ਫਿਰ ਕੀ ਕਰਾਂ ਤੇ ਕੀਹਨੂੰ ਕਹਾਂ ਦੋਸਤੋ
ਕਿਉਂਕਿ ਸੰਸਦ ਤੋਂ ਮਿੱਟੀ ਦੇ
ਬੁਤਾਂ ਨਾਲ ਭਰਿਆ ਹੋਇਆ ਏ
ਤੇ ਬੁੱਤਾਂ ਨੂੰ ਕਦੇ ਸੁਣਾਈ ਨਹੀਂ ਦਿੰਦਾ
ਦਿਖਾਈ ਨਹੀਂ ਦਿੰਦਾ
ਮੈਂ ਬੇਬੱਸ ਤੇ ਲਾਚਾਰ ਹਾਂ
ਪ੍ਰੇਸ਼ਾਨ ਹਾਂ
ਮੈਂ ਭਾਰਤ ਦਾ ਇਕ ਆਮ ਇਨਸਾਨ ਹਾਂ।

* * *



# ਢੋਲ

ਪੰਜਾਬ ਦੀ ਮੈਂ ਸ਼ਾਨ ਹਾਂ ਪੰਜਾਬੀਆਂ ਦੀ ਮੈਂ ਆਨ ਹਾਂ,
ਲੋਕੀ ਢੋਲ ਮੈਨੂੰ ਕਹਿੰਦੇ ਨੇ, ਭੰਗੜੇ ਦੀ ਮੈਂ ਜਾਨ ਹਾਂ...

ਬੜੀ ਮਾਰ ਪੈਂਦੀ ਹੈ ਜਦੋਂ ਢੋਲੀ ਡਗਾ ਲਗਾਉਂਦਾ ਏ,
ਮੇਰਾ ਉੱਚੀ ਉੱਚੀ ਰੌਲਾ, ਲੋਕਾਂ ਨੂੰ ਰੱਜ ਨਚਾਉਂਦਾ ਏ,
ਫਿਰ ਵੀ ਖੁਸ਼ੀਆਂ ਦਾ ਨਾਮ ਹਾਂ, ਪਿਆਰ ਦਾ ਪੈਗਾਮ ਹਾਂ।
ਲੋਕੀ ਢੋਲ ਮੈਨੂੰ ਕਹਿੰਦੇ ਨੇ, ਭੰਗੜੇ ਦੀ ਮੈਂ ਜਾਨ ਹਾਂ...

ਮੇਰੇ ਜਾਦੂ ਕੋਲੋਂ ਅੱਜ ਤੱਕ ਕੋਈ ਵੀ ਨਾ ਬਚਿਆ,
ਹਰ ਬੰਦਾ ਮੇਰੀ ਤਾਨ ਉੱਤੇ ਛਾਲ ਮਾਰ ਨੱਚਿਆ,
ਹਾਰ ਉੱਤੇ ਜਿੱਤ ਦਾ ਐਲਾਨ ਹਾਂ, ਮਸਤੀ ਦਾ ਜਾਮ ਹਾਂ।
ਲੋਕੀ ਢੋਲ ਮੈਨੂੰ ਕਹਿੰਦੇ ਨੇ, ਭੰਗੜੇ ਦੀ ਮੈਂ ਜਾਨ ਹਾਂ...

ਮੈਂ ਅਣਖ ਹਾਂ ਪੰਜਾਬ ਦੀ ਸ਼ੇਰਾਂ ਵਾਂਗੂ ਗੱਜਦਾ ਹਾਂ,
ਦਿਲ ਦੀ ਧੜਕਣ ਬਣ ਕੇ ਸਭ ਦੇ ਵਿੱਚ ਵੱਜਦਾ ਹਾਂ,
ਸਭ ਦੇ ਲਈ ਸਲਾਮ ਹਾਂ, ਸੁੱਖਾਂ ਦੀ ਠੰਡੜੀ ਸ਼ਾਮ ਹਾਂ।
ਲੋਕੀ ਢੋਲ ਮੈਨੂੰ ਕਹਿੰਦੇ ਨੇ, ਭੰਗੜੇ ਦੀ ਮੈਂ ਜਾਨ ਹਾਂ...

ਗਾਉਣ ਵਾਲਿਓ ਤੁਸੀਂ ਮੈਨੂੰ ਬਦਨਾਮ ਨਾ ਕਰੋ,
ਡਿਸਕੋ 'ਚ ਮਿਲਾ ਕੇ 'ਸ਼ਮੀ' ਗੁੰਮਨਾਮ ਨਾ ਕਰੋ,
ਰੱਬ ਦਾ ਇਕ ਇਨਾਮ ਹਾਂ, ਸਭ ਦੇ ਲਈ ਵਰਦਾਨ ਹਾਂ।
ਲੋਕੀ ਢੋਲ ਮੈਨੂੰ ਕਹਿੰਦੇ ਨੇ, ਭੰਗੜੇ ਦੀ ਮੈਂ ਜਾਨ ਹਾਂ...

* * *

# ਪੰਜਾਬ ਦੀ ਯਾਦ

ਜਿਹਦੀ ਯਾਦ ਸਤਾਉਂਦੀ ਏ ਖ਼ਾਬਾਂ ਵਿੱਚ ਆਉਂਦੀ ਏ,
ਮੈਨੂੰ ਗਲ ਨਾਲ ਲਾਉਂਦੀ ਏ, ਕਈ ਰੰਗ ਦਿਖਾਉਂਦੀ ਏ,
ਮੇਰੇ ਪੰਜਾਬ ਦੀ ਧਰਤੀ, ਮੇਰੇ ਪੰਜਾਬ ਦੀ ਧਰਤੀ।

ਮਰਦਾਨੇ ਦੀ ਰਬਾਬ ਕੰਨਾਂ ਵਿੱਚ ਵੱਜਦੀ ਏ,
ਅਲਗੋਜ਼ਿਆਂ ਦੇ ਨਾਲ ਮੇਰੀ ਰੂਹ ਪਈ ਨੱਚਦੀ ਏ,
ਲੋਹੜੀ ਮਾਘੀ ਵਿਚ ਵਿਸਾਖੀ ਜਸ਼ਨ ਮਨਾਉਂਦੀ ਏ।

ਯਮਲੇ ਜੱਟ ਦੀ ਤੂੰਬੀ ਮੈਨੂੰ ਕਰਦੀ ਏ ਮਸਤਾਨਾ,
ਗੁਰਮੀਤ ਬਾਵਾ ਦੀ ਹੇਕ ਪਾਉਂਦੀ ਏ ਮੁਰਦਿਆਂ ਵਿੱਚ ਜਾਨਾਂ,
ਜੁਗਨੀ, ਟੱਪੇ, ਮਾਹੀਆ-ਮਿਰਜ਼ਾ, ਹੀਰ ਵੀ ਗਾਉਂਦੀ ਏ।

ਜਿੱਥੇ ਜਿੱਤ, ਅਣਖ ਦੀਆਂ ਵਾਰਾਂ ਢਾਡੀ ਨੇ ਗਾਉਂਦੇ,
ਬੁੱਕਲ ਵਿੱਚ ਲੈ ਸਾਰੰਗੀ ਢੱਡ ਨਾਲ ਵਜਾਉਂਦੇ,
ਸ਼ੇਰਾਂ ਵਾਂਗੂ ਵਿੱਚ ਮੈਦਾਨੇ ਲੜਨਾ ਸਿਖਾਉਂਦੀ ਏ।

ਜਿੱਥੇ ਸ਼ਿਵ ਜਿਹਾ ਸ਼ਾਇਰ ਜੋਬਨ ਰੁੱਤੇ ਮਰ ਜਾਂਦਾ,
ਇਸ਼ਕ ਦਾ ਤਾਰਾ ਬਣ ਕੇ ਅੰਬਰੀ ਚੜ੍ਹ ਜਾਂਦਾ,
ਰਾਂਝੇ ਆਸ਼ਿਕ ਤੋਂ 'ਸ਼ਮੀ' ਮੱਝੀਆਂ ਚਰਾਉਂਦੀ ਏ।

* * *



# ਵਤਨ ਤੋਂ ਦੂਰ

ਮੈਂ ਆਪਣੇ ਦੇਸ਼ ਦੀ ਮਿੱਟੀ ਤੋਂ ਦੂਰ ਹੋ ਗਿਆ,
ਮਜਬੂਰ ਹੋ ਗਿਆ ਮੈਂ ਮਜਬੂਰ ਹੋ ਗਿਆ,
ਵਤਨਾਂ ਨੂੰ ਮੁੜ ਨਾ ਜਾਣ ਲਈ ਮਜਬੂਰ ਹੋ ਗਿਆ,
ਮਜਬੂਰ ਹੋ ਗਿਆ ਮੈਂ ਮਜਬੂਰ ਹੋ ਗਿਆ।

ਦੇਸ਼ ਦੀ ਮਿੱਟੀ ਦੀ ਖ਼ੁਸ਼ਬੂ ਮੈਨੂੰ ਅੱਜ ਵੀ ਆਉਂਦੀ ਏ,
ਉਥੋ ਦੇ ਹਰ ਮੌਸਮ ਦੀ ਮੈਨੂੰ ਯਾਦ ਸਤਾਉਂਦੀ ਏ,
ਮਿੱਠੀਆਂ-ਮਿੱਠੀਆਂ ਯਾਦਾਂ ਦਾ ਸਰੂਰ ਹੋ ਗਿਆ।

ਮਿੱਠੀ ਜੇਲ੍ਹ ਦੇ ਦੁੱਖ ਨੇ ਕੌੜੇ ਕਿਹਨੂੰ ਮੈਂ ਦੱਸਾਂ,
ਇਸ ਜ਼ਿੰਦਗੀ ਤੋਂ ਯਾਰਾ ਕੀ ਰੋਵਾਂ ਤੇ ਕੀ ਹੱਸਾਂ,
ਆਪਣੇ ਆਪ ਨੂੰ ਹੀ ਅੱਜ ਮੈਥੋਂ ਘੂਰ ਹੋ ਗਿਆ।

ਦੇਸ਼ ਪਰਾਇਆ ਧਰਤੀ ਬੇਗਾਨੀ ਲੋਕ ਪਰਾਏ ਨੇ,
ਖ਼ੁਸ਼ੀਆਂ ਨੂੰ ਮੈਂ ਲੱਭਦੇ ਲੱਭਦੇ ਗ਼ਮ ਗਲ਼ੇ ਲਾਏ ਨੇ,
ਵਕਤ ਦੀਆਂ ਮਾਰਾਂ ਖਾ-ਖਾ 'ਸ਼ਮੀ' ਚੂਰ ਹੋ ਗਿਆ।

* * *

# ਦੋਸਤੀਆਂ ਤੇ ਰਿਸ਼ਤੇ

ਦੋਸਤੀਆਂ ਅਤੇ ਰਿਸ਼ਤੇ ਪਾਕ ਬੰਧਨ ਹੁੰਦਾ ਹੈ
ਪਰ ਜਦੋਂ ਇਹਨਾਂ ਵਿਚੋਂ ਮਤਲਬ ਦੀ
ਬਦਬੂ ਆਉਣ ਲੱਗ ਪਵੇ
ਤਾਂ ਸਮਝ ਲੈਣਾ ਉਥੇ ਪਿਆਰ ਤੇ ਵਿਸ਼ਵਾਸ
ਦੋਵੇਂ ਮਰ ਚੁੱਕੇ ਹਨ, ਸੜ ਚੁੱਕੇ ਹਨ।
ਕਿਉਂਕਿ ਬਦਬੂ, ਮਰੀਆਂ ਅਤੇ ਸੜੀਆਂ
ਚੀਜ਼ਾਂ ਕੋਲੋਂ ਹੀ ਆਉਂਦੀ ਏ।
ਪਿਆਰ ਮਰ ਕੇ ਵੀ ਉਠ ਸਕਦਾ ਹੈ,
ਵਿਸ਼ਵਾਸ ਸੜ ਕੇ ਵੀ ਉਗ ਸਕਦਾ ਹੈ,
ਬਸ਼ਰਤੇ ਦਿਲ ਦੀ ਜ਼ਮੀਨ ਬੰਜਰ ਨਾ ਹੋਵੇ,
ਬੁੱਲ੍ਹਾਂ 'ਤੇ ਝੂਠੀ ਮੁਸਕਾਨ
ਹੱਥ ਵਿੱਚ ਖੰਜਰ ਨਾ ਹੋਵੇ।
ਫਿਰ ਦੋਸਤੀਆਂ ਦੋਸਤੀਆਂ ਹੀ ਨਹੀਂ
ਰਿਸ਼ਤੇ, ਰਿਸ਼ਤੇ ਹੀ ਨਹੀਂ
ਫੁਲਵਾੜੀ ਬਣ ਜਾਂਦੇ ਨੇ
ਸਭ ਨੂੰ ਮਹਿਕਾਉਂਦੇ ਨੇ
ਕਿਉਂਕਿ ਦੋਸਤੀਆਂ ਤੇ ਰਿਸ਼ਤੇ
ਇਕ ਪਾਕ ਬੰਧਨ ਹੁੰਦਾ ਏ।

* * *



# ਲੀਡਰ ਅਤੇ ਲੁਟੇਰੇ

ਕੀ ਫਰਕ ਰਿਹਾ ਲੀਡਰਾਂ ਅਤੇ ਲੁਟੇਰਿਆਂ ਵਿੱਚ,
ਆਖਿਰ ਦੋਵਾਂ ਦਾ ਮਕਸਦ ਇਕ ਹੀ ਹੈ ਲੁੱਟਣਾ,
ਫਰਕ ਇੰਨਾ ਹੀ ਹੈ ਕਿ ਲੁਟੇਰਿਆਂ ਨੂੰ ਕੋਈ ਸਲਾਮ ਨਹੀਂ ਕਰਦਾ
ਬੇਵੱਸ ਤੇ ਕਮਜ਼ੋਰ ਇਨਸਾਨ
ਲੀਡਰਾਂ ਦੇ ਪਰਛਾਵੇਂ ਤੋਂ ਵੀ ਡਰਦਾ
ਭਾਰਤ ਮਾਂ ਦੀ ਹਿੱਕ 'ਤੇ ਬੈਠੇ
ਵਤਨਪ੍ਰਸਤੀ ਦਾ ਦਾਅਵਾ ਕਰਨ ਵਾਲੇ
ਚਿੱਟੀਆਂ ਪੁਸ਼ਾਕਾਂ ਵਾਲੇ
ਦਿਲਾਂ ਦੇ ਕਾਲੇ, ਰੋਜ਼ ਘੋਟਾਲੇ
ਨਵੇਂ ਹਵਾਲੇ,
ਗੂੜ੍ਹੀ ਨੀਂਦ ਵਿੱਚ ਸੁੱਤਾ, ਮੇਰੇ ਦੇਸ਼ ਦਾ ਹਰ ਇਕ ਇਨਸਾਨ
ਨੀਂਦ ਵਿੱਚ ਉਸਲਵੱਟੇ ਮਾਰ ਰਿਹਾ
ਇਤਿਹਾਸ ਦੀਆਂ ਉਲਝਣਾਂ ਵਿੱਚ ਉਲਝਿਆ
ਕੋਸ ਰਿਹਾ ਹੈ ਲੁਟੇਰੇ ਫਰੰਗੀਆਂ ਨੂੰ
ਪਰ ਜਿਸ ਦਿਨ ਉਹ ਜਾਗ ਉੱਠੇਗਾ,
ਨਿਕਲ ਆਵੇਗਾ ਇਤਿਹਾਸ ਤੋਂ ਵਰਤਮਾਨ ਵੱਲ
ਤੇ ਜਾਣ ਲਵੇਗਾ
ਆਪਣੇ ਆਪ ਨੂੰ ਦੇਸ਼-ਭਗਤ ਅਖਵਾਉਣ ਵਾਲੇ ਨੇਤਾ
ਫਰੰਗੀਆਂ ਤੋਂ ਵੀ ਵੱਧ ਖਤਰਨਾਕ
ਜਿਨ੍ਹਾਂ ਨੇ ਕੋਹੇਨੂਰ ਤਾਂ ਕੀ
ਦੇਸ਼ ਦਾ ਨੂਰ ਹੀ ਲੁੱਟ ਲਿਆ
ਤੇ ਫਿਰ ਕੀ ਫ਼ਰਕ ਰਿਹਾ ਲੀਡਰਾਂ ਅਤੇ ........................

* * *

# ਅੱਗ

ਮੈਂ ਅੱਗ ਬਣਨਾ ਚਾਹੁੰਦਾ ਹਾਂ
ਪਰ ਸਭ ਤੋਂ ਪਹਿਲਾਂ ਮੈਂ ਖੁਦ ਹੀ ਸੜਨਾ ਚਾਹੁੰਦਾ ਹਾਂ

ਮੈਂ ਆਪਣੇ ਆਪ ਨਾਲ ਲੜਨਾ ਚਾਹੁੰਦਾ ਹਾਂ
ਪਤਝੜ ਵਾਂਗੂ ਝੜਨਾ ਚਾਹੁੰਦਾ ਹਾਂ,

ਭਸਮ ਕਰਨਾ ਚਾਹੁੰਦਾ ਹਾਂ ਆਪਣੇ ਅੰਦਰਲੀ ਮੈਂ
ਤੇ ਆਪਣਾ ਗਰੂਰ, ਨਫਰਤ ਤੇ ਝੂਠ

ਮੈਂ ਸੂਰਜ ਵਾਂਗੂ ਸੁਰਖ ਹੋ ਕੇ
ਅਸਤ ਹੋ ਜਾਣਾ ਚਾਹੁੰਦਾ ਹਾਂ,

ਤਾਂ ਕਿ ਮੈਂ ਇਕ ਨਵੀਂ ਸਵੇਰ ਬਣ ਕੇ ਆਵਾਂ
ਸਭ ਨੂੰ ਪਿਆਰ ਸਿਖਾਵਾਂ

ਦੁੱਖ ਵੰਡਾਵਾਂ, ਜੱਗ ਰੁਸ਼ਨਾਵਾਂ
ਤੇ ਸਭ ਨੂੰ ਅੱਗ ਲਗਾਵਾਂ

ਸੱਚਾਈ, ਨਿਮਰਤਾ ਤੇ ਪਿਆਰ ਦੀ
ਇਸ ਲਈ ਮੈਂ ਅੱਗ ਬਣਨਾ ਚਾਹੁੰਦਾ ਹਾਂ
ਪਰ ਸਭ ਤੋਂ ਪਹਿਲਾਂ ਖੁਦ ਹੀ ਸੜਨਾ ਚਾਹੁੰਦਾ ਹਾਂ।

* * *



# ਸਿਰਨਾਵੇਂ

ਸੱਚੇ ਯਾਰਾਂ ਦੇ ਸਿਰਨਾਵੇਂ ਦੀ ਲੋੜ ਨਹੀਂ ਹੁੰਦੀ
ਕਿਉਂਕਿ ਯਾਰ ਕਦੇ
ਇੱਟਾਂ ਦੇ ਘਰਾਂ ਅੰਦਰ ਨਹੀਂ
ਦਿਲ 'ਚ ਵਸਦੇ
ਇੱਟਾਂ ਦੇ ਘਰ ਵਾਂਗੂੰ ਦਿਲ ਦੀ ਕੀਮਤ ਨਹੀਂ ਹੁੰਦੀ
ਅਤੇ ਨਾ ਹੀ ਕੋਈ ਕਿਰਾਇਆ,
ਨਾ ਕੋਈ ਗੈਰ ਤੇ ਨਾ ਕੋਈ ਪਰਾਇਆ,
ਬਸ ਵਫਾ ਤੇ ਵਿਸ਼ਵਾਸ ਚਾਹੀਦਾ ਹੈ
ਅਹਿਸਾਸ ਚਾਹੀਦਾ ਹੈ, ਸਾਥ ਚਾਹੀਦਾ ਹੈ
ਸਾਥ ਜਿਸਮਾਂ ਦਾ ਨਹੀਂ
ਦਿਲ ਦਾ ਹੁੰਦਾ ਹੈ
ਸੱਚੇ ਦਿਲਾਂ ਦਰਮਿਆਨ
ਦੂਰੀਆਂ ਨਹੀਂ ਹੁੰਦੀਆਂ
ਮਜਬੂਰੀਆਂ ਨਹੀਂ ਹੁੰਦੀਆਂ
ਜਿੱਥੇ ਦੂਰੀਆਂ ਹੁੰਦੀਆਂ ਨੇ
ਉਨ੍ਹਾਂ ਨੂੰ ਦਿਲ ਨਹੀਂ ਸਿਵੇ ਆਖਦੇ ਨੇ
ਕਿਉਂਕਿ ਉਥੇ ਪਿਆਰ ਮਰ ਚੁੱਕਾ ਹੁੰਦਾ ਹੈ
ਵਿਸ਼ਵਾਸ ਸੜ ਚੁੱਕਾ ਹੁੰਦਾ ਹੈ
ਮਰਨ ਵਾਲਿਆਂ ਦਾ ਕੋਈ ਘਰ ਨਹੀਂ ਹੁੰਦਾ
ਬੇਵਫਾਵਾਂ ਦਾ ਕੋਈ ਦਰ ਨਹੀਂ ਹੁੰਦਾ
ਪਰ ਵਫਾ ਕਰਨ ਵਾਲੇ ਦਿਲਾਂ 'ਚ ਵੱਸਦੇ ਨੇ
ਤਾਈਓਂ ਤੇ
ਸੱਚੇ ਯਾਰਾਂ ਦੇ ਸਿਰਨਾਵੇਂ ਦੀ ਲੋੜ ਨਹੀਂ ਹੁੰਦੀ

* * *

# ਸੱਚ

ਸੱਚ ਬੋਲਣ ਵਾਲਿਆਂ ਨੂੰ ਅਤੇ
ਲਿਖਣ ਵਾਲਿਆਂ ਨੂੰ ਮੌਤ ਮਿਲਦੀ ਹੈ
ਇਹ ਮੈਂ ਅਕਸਰ ਸੁਣਿਆ ਹੈ ਤੇ
ਪੜ੍ਹਿਆ ਹੈ
ਇਸ ਲਈ ਲੋਕ ਸੱਚ
ਬੋਲਣ ਤੋਂ ਡਰਦੇ ਨੇ
ਝੂਠ ਦਾ ਪਾਣੀ ਭਰਦੇ ਨੇ
ਆਖਿਰ ਕਿਉਂ ਹਨ੍ਹੇਰੇ ਤੋਂ
ਰੌਸ਼ਨੀ ਵੱਲ ਜਾਣ ਦੀ
ਸਾਡੀ ਹਿੰਮਤ ਨਹੀਂ ਹੁੰਦੀ
ਕਿਉਂ ਸੱਚ ਕਹਿਣ ਤੋਂ ਡਰਦੇ ਹਾਂ
ਇਕ ਮੌਤ ਦੇ ਡਰ ਤੋਂ ਰੋਜ਼ ਮਰਦੇ ਹਾਂ
ਕਿਉਂ ਡਿੱਗਦੇ ਜਾ ਰਹੇ ਹਾਂ
ਖ਼ੁਦ ਆਪਣੀ ਹੀ ਨਜ਼ਰ ਤੋਂ
ਜਦੋਂ ਅਸੀਂ ਜ਼ੁਲਮ ਦੇ ਖਿਲਾਫ
ਬੋਲ ਨਹੀਂ ਸਕਦੇ
ਸੱਚ ਲਈ ਮੂੰਹ ਖੋਲ੍ਹ ਨਹੀਂ ਸਕਦੇ
ਕੀ ਅਸੀਂ ਬੇਜ਼ੁਬਾਨ ਹੋ ਗਏ ਹਾਂ
ਤੇ ਫਿਰ ਕੀ ਫਰਕ ਰਿਹਾ
ਸਾਡੇ ਅਤੇ ਪਸ਼ੂਆਂ ਵਿਚਕਾਰ
ਕੀ ਅਸੀਂ ਪਸ਼ੂ ਬਣ ਚੁੱਕੇ ਹਾਂ
ਮੌਤ ਤੇ ਪਸ਼ੂਆਂ ਨੂੰ ਵੀ ਆਉਣੀ ਹੈ
ਬੇਜ਼ੁਬਾਨਾਂ ਨੂੰ ਵੀ



ਪਰ ਸੱਚ ਬੋਲਣ ਵਾਲਿਆਂ ਦੀ ਮੌਤ
ਸ਼ਹਾਦਤ ਬਣ ਜਾਂਦੀ ਏ
ਤੇ ਬੁਜ਼ਦਿਲਾਂ ਦੀ ਮੌਤ
ਖ਼ੁਦਕੁਸ਼ੀ,
ਤੇ ਬੇਜ਼ੁਬਾਨਾਂ ਦੀ ਮੌਤ, ਗੁੰਮਨਾਮ
ਕਿਸੇ ਹੱਡਾਰੋੜੀ ਵਿੱਚ ਪਈ ਲਾਸ਼ ਦੇ ਵਾਂਗ
ਅਸਾਂ ਨੇ ਹੁਣ ਮਨ ਬਣਾ ਲਿਆ ਹੈ
ਤੇ ਕਰ ਲਿਆ ਏ ਇਰਾਦਾ
ਸ਼ਹਾਦਤ ਦੀ ਮੌਤ ਮਰਨ ਦਾ
ਸੱਚ ਨੂੰ ਬਹਾਲ ਕਰਨ ਦਾ
ਝੂਠ ਨਾਲ ਲੜਨ ਦਾ
ਅਸਾਂ ਨੇ ਹੁਣ ਸੂਰਜ ਬਣ ਕੇ ਚੜ੍ਹਨਾ ਏ
ਸਭ ਨੂੰ ਚਾਨਣ ਕਰਨਾ ਏ
ਜਾਲਮ ਨੂੰ ਕਹਿ ਦਿਉ
ਅਸੀਂ ਹੁਣ ਹੋਰ ਨਹੀਂ ਸਹਾਂਗੇ
ਝੂਠ ਦਾ ਸਾਥ ਨਹੀਂ ਦਵਾਂਗੇ
ਹੋਰ ਹਨ੍ਹੇਰੇ ਵਿੱਚ ਨਹੀਂ ਰਵਾਂਗੇ
ਕਿਉਂਕਿ ਹੁਣ ਸਵੇਰ ਆਉਣ ਵਾਲੀ ਏ
ਤੇ ਅਸੀਂ ਹੁਣ ਜਾਗ ਉਠੇ ਹਾਂ
ਬਸ ਅਸੀਂ ਹੁਣ ਜਾਗ ਉਠੇ ਹਾਂ।

* * *

# ਕਾਲੀ ਰਾਤ

ਹੁਣ ਉੱਲੂ ਰਾਤਾਂ ਨੂੰ ਹੀ ਨਹੀਂ
ਦਿਨੇ ਵੀ ਬੋਲਦੇ ਨੇ
ਸੱਚ ਨੂੰ ਨਿਗਲਣ ਲਈ
ਆਪਣੇ ਮੂੰਹਾਂ ਨੂੰ ਖੋਲ੍ਹਦੇ ਨੇ
ਕਿਉਂਕਿ ਬੇਇਨਸਾਫੀ ਦਾ ਹਨ੍ਹੇਰਾ
ਮੁੱਕਦਾ ਹੀ ਨਹੀਂ
ਜਾਲਮ ਜੁਲਮ ਤੋਂ ਰੁਕਦਾ ਹੀ ਨਹੀਂ
ਕੀ ਕਰੀਏ ਕਾਨੂੰਨ ਮੁਰਦਾ ਲਾਸ਼
ਬਣ ਕੇ ਰਹਿ ਗਿਆ ਹੈ
ਹਰ ਦਫਤਰ ਵਿਚ ਨਿਕਲ ਰਿਹਾ ਹੈ
ਇਨਸਾਫ਼ ਦਾ ਜਨਾਜ਼ਾ
ਜਿੱਥੇ ਆਮ ਆਦਮੀ
ਬੁੱਤ ਬਣ ਕੇ ਰਹਿ ਗਿਆ ਹੈ
ਸੈਲਫਾਂ 'ਤੇ ਪਈ ਹਰ ਫਾਈਲ ਤੇ
ਘੱਟਾ ਚੜ੍ਹ ਕੇ ਰਹਿ ਗਿਆ ਹੈ
ਕਿਉਂਕਿ ਰਿਸ਼ਵਤ ਤੋਂ ਬਿਨਾਂ
ਫਾਈਲ ਅੱਗੇ ਤੁਰਦੀ ਹੀ ਨਹੀਂ
ਨਫ਼ਰਤ ਜਿਸ ਦਾ ਰੰਗ ਹੈ ਕਾਲਾ ਸਿਆਹ



ਹਰ ਮਜ਼੍ਹਬ ਦੀ ਹਿੱਕ 'ਤੇ ਨੱਚਦੀ ਏ
ਅੱਗ ਵਾਂਗੂ ਮੱਚਦੀ ਏ
ਸਰਹੱਦ 'ਤੇ ਲੱਗੀ ਤਾਰ ਤੋਂ ਵੀ ਤਿੱਖੀ ਏ
ਤੇ ਬਰੂਦ ਬਣ ਕੇ ਗੱਜਦੀ ਏ
ਇਹ ਨਫ਼ਰਤ ਹੀ ਨਹੀਂ
ਇਕ ਮੌਤ ਹੈ
ਜੋ ਇਨਸਾਨ ਨੇ ਖ਼ੁਦ ਹੀ
ਆਪਣੇ ਜ਼ਹਿਨ 'ਚੋਂ ਪੈਦਾ ਕੀਤੀ
ਘੁਮੰਡ-ਇਕ ਘੋਰ ਹਨ੍ਹੇਰਾ
ਉੱਚੀ ਜਾਤ, ਵੱਡੀ ਉਕਾਤ
ਅਮੀਰੀ ਦਾ ਨਸ਼ਾ
ਪਰ ਅਖੀਰ ਵਿੱਚ ਖ਼ਾਕ
ਮੈਂ ਆਪਣੀ ਕਲਮ ਨੂੰ ਫੜ੍ਹੀ ਬੈਠਾ
ਜਿੱਥੇ ਹੈ ਘੋਰ ਅੰਧਕਾਰ
ਪਰ ਫਿਰ ਵੀ ਹੈ ਕਿਸੇ
ਸੂਰਜ ਦਾ ਇੰਤਜ਼ਾਰ
ਮੈਂ ਚਾਹੁੰਦਾ ਹਾਂ ਸੱਚ ਦੀ ਬਹਾਲੀ
ਕਾਸ਼ ਕਿਤੇ ਮੁੱਕ ਜਾਵੇ ਇਹ ਰਾਤ ਕਾਲੀ
ਇਹ ਰਾਤ ਕਾਲੀ...
ਇਹ ਰਾਤ ਕਾਲੀ...

* * *

# ਖ਼ੁਆਇਸ਼ਾਂ

ਮੇਰੀਆਂ ਖ਼ੁਆਇਸ਼ਾਂ ਅਣਗਿਣਤ ਨੇ ਤਾਰਿਆਂ ਦੇ ਵਾਂਗ
ਮੈਂ ਇਕੱਲਾ, ਤੁਸਾਂ ਸਾਰਿਆਂ ਦੇ ਵਾਂਗ
ਤਾਰੇ ਤਾਂ ਹਮੇਸ਼ਾਂ ਰਾਤ ਨੂੰ ਨਿਕਲਦੇ ਨੇ
ਪਰ ਮੇਰੀਆਂ ਖ਼ੁਆਇਸ਼ਾਂ ਮੇਰੇ ਜ਼ਹਿਨ ਦੇ ਆਸਮਾਨ ਵਿੱਚ
ਹਮੇਸ਼ਾਂ ਚੜ੍ਹੀਆਂ ਰਹਿੰਦੀਆਂ ਨੇ
ਮੇਰੀ ਸੋਚ ਨਾਲ ਖਹਿੰਦੀਆਂ ਨੇ
ਯੁੱਗਾਂ ਤੋਂ ਤਾਰਿਆਂ ਦੇ ਦੁਆਲੇ ਪਰਿਕਰਮਾ ਕਰ ਰਹੀ
ਧਰਤੀ ਵਾਂਗ, ਮੈਂ ਵੀ ਆਪਣੇ ਜਨਮ ਤੋਂ, ਖ਼ੁਆਇਸ਼ਾਂ
ਦੀ ਪਰਿਕਰਮਾ ਕਰ ਰਿਹਾ ਹਾਂ
ਜੀਣ ਲਈ ਹਰ ਰੋਜ਼ ਮਰ ਰਿਹਾ ਹਾਂ
ਆਪਣੇ ਆਪ ਨਾਲ ਲੜ ਰਿਹਾ ਹਾਂ
ਬਹੁਤ ਦੂਰ ਨੇ ਮੇਰੀਆਂ ਖ਼ੁਆਇਸ਼ਾਂ, ਉਨ੍ਹਾਂ ਤਾਰਿਆਂ ਦੇ ਵਾਂਗ
ਜਿਨ੍ਹਾਂ ਨੂੰ ਸਿਰਫ਼ ਦੇਖ ਸਕਦਾ ਹਾਂ, ਅਪਣਾ ਨਹੀਂ ਸਕਦਾ
ਆਪਣਾ ਬਣਾ ਨਹੀਂ ਸਕਦਾ,
ਬਸ ਦੂਰ ਖੜ੍ਹਾ ਇੰਤਜ਼ਾਰ ਵਿੱਚ,
ਕਿਸੇ ਤਾਰੇ ਦੇ ਟੁੱਟਣ ਦਾ,
ਕਿ ਖ਼ੁਆਇਸ਼ ਬਣ ਕੇ ਮੇਰੀ ਝੋਲੀ ਵਿਚ ਆ ਪਵੇ
ਮੈਂ ਤਾਰੇ ਟੁੱਟਦੇ ਤਾਂ ਵੇਖੇ ਹਨ,
ਪਰ ਕਦੇ ਆਪਣੀ ਝੋਲੀ ਵਿੱਚ ਡਿਗਦੇ ਨਹੀਂ ਵੇਖੇ
ਇਕ ਪਲ ਵਿੱਚ ਹੀ ਅਲੋਪ ਹੋ ਜਾਂਦੇ ਨੇ



ਪੈਦਾ ਕਰ ਜਾਂਦੇ ਨੇ ਮਨ ਵਿੱਚ ਇੰਤਜ਼ਾਰ
ਇਕ ਹੋਰ ਤਾਰੇ ਟੁੱਟਣ ਦਾ
ਜਗਾ ਜਾਂਦੇ ਨੇ ਇਕ ਹੋਰ ਖ਼ੁਆਇਸ਼
ਇਕ ਆਸ
ਮਨ ਦੀ ਪਿਆਸ
ਜੋ ਕਦੇ ਨਾ ਬੁਝਣ ਵਾਲੀ
ਕਦੇ ਨਾ ਮੁੱਕਣ ਵਾਲੀ,
ਪਰ ਮੈਂ ਮੁੱਕ ਜਾਵਾਂਗਾ
ਪਤਝੜ ਵਾਂਗੂ ਸੁੱਕ ਜਾਵਾਂਗਾ
ਚਲਦੇ ਚਲਦੇ ਰੁੱਕ ਜਾਵਾਂਗਾ
ਮੌਤ ਇਕ ਕੌੜਾ ਸੱਚ
ਮੌਤ ਦੇ ਬਾਅਦ ਫਿਰ ਖ਼ੁਆਇਸ਼
ਅੰਬਰ ਤੇ ਚੜ੍ਹਨ ਦੀ
ਇਕ ਤਾਰਾ ਬਣਨ ਦੀ
ਖ਼ੁਆਇਸ਼ਾਂ ਕਦੇ ਮੁੱਕਦੀਆਂ ਹੀ ਨਹੀਂ
ਪੱਤਿਆਂ ਵਾਂਗੂ ਸੁੱਕਦੀਆਂ ਨਹੀਂ
ਕਿਉਂਕਿ ਮੇਰੀਆਂ ਖ਼ੁਆਇਸ਼ਾਂ ਅਣਗਿਣਤ ਨੇ
ਤਾਰਿਆਂ ਦੇ ਵਾਂਗ
ਤੇ ਮੈਂ ਇਕੱਲਾ ਹਾਂ
ਤੁਸਾਂ ਸਾਰਿਆਂ ਦੇ ਵਾਂਗ

* * *

# ਅੱਖਾਂ

ਅੱਖਾਂ ਦੀ ਜ਼ੁਬਾਨ ਨਹੀਂ ਹੁੰਦੀ
ਫਿਰ ਵੀ ਬੋਲਦੀਆਂ ਨੇ
ਭੇਦ ਖੋਲ੍ਹਦੀਆਂ ਨੇ
ਅੱਖਾਂ ਖੁੱਲੀਆਂ ਹੋਣ ਤੇ
ਰਾਹ ਦੱਸਦੀਆਂ ਨੇ,
ਰੋਂਦੀਆਂ ਹੋਣ ਤੇ ਦੁੱਖ
ਲੱਗ ਜਾਣ ਤੇ ਇਸ਼ਕ ਹੁੰਦਾ ਹੈ
ਬਦਲ ਜਾਣ ਤੇ ਬੇਵਫਾਈ
ਵੱਜ ਜਾਣ ਤੇ ਖਤਾ
ਮਟਕ ਜਾਣ ਤੇ ਅਦਾ
ਗੁੱਸਾ ਹੋਵੇ ਤਾਂ ਲਾਲ ਹੋ ਜਾਂਦੀਆਂ ਨੇ
ਹਾਲੋਂ ਬੇਹਾਲ ਹੋ ਜਾਂਦੀਆਂ ਨੇ
ਜੇ ਚੜ ਜਾਣ ਤਾਂ ਗਰੂਰ
ਜਾਂ ਫਿਰ ਪੀਤੀ ਦਾ ਸਰੂਰ
ਇਹ ਸਹਿਮ ਜਾਣ ਤੇ ਡਰ
ਪਥਰਾ ਜਾਣ ਤੇ ਸਦਮਾ
ਅੱਖਾਂ ਬੰਦ ਹੋਣ ਤੇ ਬੰਦਗੀ
ਜਾਂ ਫਿਰ ਗੂੜ੍ਹੀ ਨੀਂਦ
ਸਦਾ ਲਈ ਮੀਟੀਆਂ ਜਾਣ ਤੇ
ਸਮਝੋ ਮੌਤ...
ਇਸੇ ਲਈ ਮੈਂ ਕਹਿੰਦਾ ਹਾਂ
ਅੱਖਾਂ ਦੀ ਜੁਬਾਨ ਨਹੀਂ ਹੁੰਦੀ
ਪਰ ਫਿਰ ਵੀ ਬੋਲਦੀਆਂ ਨੇ

* * *



# ਮੈਂ ਤੇ ਤੂੰ

ਜੇ ਮੈਂ ਮੈਂ ਨਾ ਰਵਾਂ
ਤੂੰ ਤੂੰ ਨਾ ਰਵੇ
ਫਿਰ ਤੂੰ ਤੂੰ, ਮੈਂ ਮੈਂ ਦੀ
ਤਕਰਾਰ ਨਾ ਹੋਵੇ
ਮਨਾਂ ਵਿੱਚ ਖਾਰ ਨਾ ਹੋਵੇ
ਇਕ ਦੂਜੇ ਤੇ ਵਾਰ ਨਾ ਹੋਵੇ
ਹੱਥ ਵਿੱਚ ਤਲਵਾਰ ਨਾ ਹੋਵੇ
ਨਫਰਤ ਦੀ ਦੀਵਾਰ ਨਾ ਹੋਵੇ
ਕੀ ਕਰਾਂ ਮੇਰੇ ਅੰਦਰਲੀ,
ਮੈਂ ਖੁਰਦੀ ਹੀ ਨਹੀਂ
ਤੂੰ ਤੂੰ ਹੈਂ ਗੱਲ ਭੁੱਲਦੀ ਹੀ ਨਹੀਂ
ਪਰ ਹੁਣ ਮੈਨੂੰ ਕੁਝ ਸੋਚਣਾ ਹੋਵੇਗਾ
ਕੁਝ ਕਰਨਾ ਪਵੇਗਾ,
ਆਪਣੇ ਆਪ ਨਾਲ ਲੜਨਾ ਪਵੇਗਾ
ਖ਼ਤਮ ਕਰਨਾ ਹੋਵੇਗਾ ਆਪਣੇ ਅੰਦਰਲੀ ਮੈਂ ਨੂੰ
ਉਸ ਫਰਕ ਨੂੰ ਜੋ ਤੂੰ ਅਤੇ ਮੈਂ ਵਿੱਚ ਹੈ
ਇਹ ਫਰਕ ਤਾਈਉਂ ਮਿਟ ਸਕਦਾ ਹੈ
ਜੇ ਮੈਂ ਮੈਂ ਨਾ ਰਵਾਂ
ਤੂੰ ਤੂੰ ਨਾ ਰਵੇਂ
ਫਿਰ ਤੂੰ ਤੂੰ ...........

* * *

# ਧਰਮਾਂ ਦੀ ਜੰਗ

ਧਰਮਾਂ ਦੀ ਜੰਗ ਜੋ ਕਦੇ ਨਾ ਮੁੱਕਣ ਵਾਲੀ
ਜਿੱਥੇ ਨਾ ਕੋਈ ਧਰਮ ਜਿੱਤਦਾ ਹੈ ਨਾ ਕੋਈ ਹਾਰਦਾ
ਬਸ ਇਨਸਾਨ ਹੀ ਇਨਸਾਨ ਨੂੰ ਮਾਰਦਾ
ਇਨਸਾਨੀਅਤ ਨੂੰ ਸਾੜਦਾ
ਲਾਸ਼ਾਂ ਦਾ ਅੰਬਾਰ ਤੇ ਖੂਨ ਦਾ ਸੈਲਾਬ
ਗਿਰਝਾਂ ਦਾ ਝੁਰਮਟ ਬੈਠਾ ਕਰ ਰਿਹਾ ਇੰਤਜ਼ਾਰ
ਕਿਸੇ ਬਾਬਰੀ ਮਸਜ਼ਿਦ ਦੇ ਢਹਿ ਜਾਣ ਦਾ
ਜਾਂ ਸ਼੍ਰੀ ਹਰਿਮੰਦਰ ਸਾਹਿਬ ਤੇ ਇਕ ਹੋਰ ਹਮਲੇ ਦਾ
ਤਾਂ ਕਿ ਇਨਸਾਨੀ ਬੋਟੀਆਂ ਨਾਲ
ਆਪਣਾ ਢਿੱਡ ਭਰਨ
ਉਨਾਂ ਨੂੰ ਕੀ ਫਰਕ ਪੈਂਦਾ
ਲਾਸ਼ ਕਿਸੇ ਹਿੰਦੂ ਦੀ ਹੋਵੇ ਜਾਂ
ਕਿਸੇ ਈਸਾਈ ਦੀ
ਸਿੱਖ ਦੀ ਜਾਂ ਮੁਸਲਮਾਨ ਦੀ
ਕਿਉਂਕਿ ਮਾਸ ਇਨਸਾਨ ਦਾ ਹੁੰਦਾ ਹੈ
ਕਿਸੇ ਧਰਮ ਦਾ ਨਹੀਂ
ਧਰਮ ਨਾ ਜੰਮਦਾ ਹੈ ਨਾ ਮਰਦਾ ਹੈ
ਨਾ ਜਿੱਤਦਾ ਹੈ ਨਾ ਹਰਦਾ ਹੈ
ਬਸ ਬੰਦਾ ਹੀ ਬੰਦੇ ਹੱਥੋਂ ਮਰਦਾ ਹੈ
ਧਰਮਾਂ ਦੀ ਜੰਗ ....

* * *



# ਰੰਗ ਦੇ ਬਸੰਤੀ

ਮੈਂ ਅਕਸਰ ਇਕ ਉਲਝਣ ਵਿਚ ਫਸ ਜਾਂਦਾ ਹਾਂ
ਮਜਬੂਰ ਹੋ ਜਾਂਦਾ ਹਾਂ
ਇਹ ਗੱਲ ਸੋਚਣ ਲਈ
ਕਿ ਮੇਰਾ ਦੇਸ਼ ਅਜ਼ਾਦ ਹੈ
ਜਾਂ ਅੱਜ ਵੀ ਗੁਲਾਮ
ਕਿਉਂਕਿ ਮੇਰੇ ਮੁਲਕ ਦਾ ਹਰ ਹਿੱਸਾ
ਜਲ੍ਹਿਆਂ ਵਾਲਾ ਬਾਗ ਹੀ ਲੱਗਦਾ ਹੈ
ਜਿਥੇ ਅੱਜ ਵੀ ਇਨਸਾਨ ਦਾ
ਲਹੂ ਵਗਦਾ ਹੈ
ਗੁਜਰਾਤ ਦੀਆਂ ਰੇਲ ਗੱਡੀਆਂ ਵਿੱਚ
ਸੜੀਆਂ ਬਲ਼ੀਆਂ ਇਨਸਾਨੀ ਲਾਸ਼ਾਂ
ਕਿਵੇਂ ਭੁਲਾ ਦਿਆਂ
ਮੁੰਬਈ ਦਾ ਉਹ ਹਰ ਹਾਦਸਾ
ਰੋ ਰਹੀਆਂ ਮਾਵਾਂ ਦਾ ਵਾਸਤਾ
ਵਿਧਵਾਵਾਂ ਦੀ ਚੀਖ਼, ਯਤੀਮਾਂ ਦੀ ਬੇਬਸੀ
ਉੜੀਸਾ ਵਿੱਚ ਖ਼ਾਕੀ ਨਿੱਕਰਾਂ ਵਾਲਿਆਂ
ਦਾ ਅਤਿਆਚਾਰ

ਖ਼ੂਨ ਦੀ ਹੋਲੀ ਤੇ ਬਲਾਤਕਾਰ
ਕਸ਼ਮੀਰ ਦੀ ਜ਼ੰਨਤ ਜਿਸ ਨੂੰ
ਜੇਹਾਦੀਆਂ ਨੇ ਬਣਾ ਦੇ ਦਿੱਤਾ
ਬਦਬੂਦਾਰ ਹੱਡਾ-ਰੋੜੀ
ਮੈਨੂੰ ਅੱਜ ਵੀ ਯਾਦ ਹੈ ਚੁਰਾਸੀ
ਦਾ ਉਹ ਕਾਲ ਵਗ੍ਹਾ, ਦਿੱਲੀ ਦੇ ਦੰਗੇ
ਕੇਸਾਂ ਵਾਲੇ ਸਿਰ ਧੜ੍ਹ ਤੋਂ ਅਲੱਗ
ਨਫਰਤ ਦੀ ਅੱਗ, ਜਿਸ ਨੇ ਇਨਸਾਨ ਨੂੰ
ਤਬਾਹ ਕਰ ਦਿੱਤਾ
ਇਨਸਾਨੀਅਤ ਨੂੰ ਸੁਆਹ ਕਰ ਦਿੱਤਾ
ਰਾਜਨੇਤਾ ਤੇ ਧਰਮਾਂ ਦੇ ਕੱਟੜਪੰਥੀ
ਇਹ ਅੱਜ ਦੇ ਜਰਨਲ ਡਾਇਰ ਹੀ ਤਾਂ ਹਨ
ਜੋ ਰਾਜਨੀਤੀ ਅਤੇ ਮਜ਼੍ਹਬ ਦਾ
ਨਕਾਬ ਪਾ ਕੇ ਕਰਾ ਰਹੇ ਨੇ ਕਤਲੇਆਮ
ਕਰ ਦਿੱਤਾ ਹੈ ਲਹੂ ਲੁਹਾਨ
ਮੇਰੇ ਵਤਨ ਦੀ ਮਿੱਟੀ ਨੂੰ ਜਲ੍ਹਿਆਂ ਵਾਲੇ ਬਾਗ ਦੇ ਵਾਂਗ
ਅੱਜ ਕਿਉਂ ਨਹੀਂ ਖੜ੍ਹ ਉੱਠਦਾ
ਕੋਈ ਊਧਮ ਸਿੰਘ ਬਣ ਕੇ
ਵੰਗਾਰੇ ਜੋ ਇਹਨਾਂ ਨੂੰ ਆਪਣੀ ਹਿਕ ਤਣ ਕੇ
ਕਿਉਂ ਨਹੀਂ ਦਿਖਾਈ ਦਿੰਦਾ ਕੋਈ ਭਗਤ ਸਿੰਘ



ਜਿਹਾ ਸੂਰਮਾ,
ਜੋ ਉਤਾਰ ਦੇਵੇ ਮਜ਼੍ਹਬਾਂ ਦਾ ਅਖੌਤੀ ਨਕਾਬ
ਆ ਜਾਵੇ ਫਿਰ ਇਕ ਨਵਾਂ ਇਨਕਲਾਬ
ਫਰੰਗੀਆਂ ਦੇ ਜਾਣ ਦਾ ਜਸ਼ਨ ਮਨਾਉਣ ਵਾਲਿਓ
ਦੇਸ਼ ਆਜ਼ਾਦ ਹੈ ਨਾਰਾ ਲਾਉਣ ਵਾਲਿਓ
ਤੁਸੀਂ ਤਾਂ ਅਜੇ ਵੀ ਗੁਲਾਮ ਹੋ
ਅੱਜ ਵੀ ਕੈਦ ਹੈ ਮਜ਼੍ਹਬਾਂ ਦੀਆਂ ਦੀਵਾਰਾਂ ਅੰਦਰ
ਫਸੇ ਹੋਏ ਹੋ ਜਾਤ-ਪਾਤ ਦੀਆਂ ਤਾਰਾਂ ਅੰਦਰ
ਤੁਸੀਂ ਆਜ਼ਾਦ ਨਹੀਂ ਬਸ ਗਲਤਫਹਿਮੀ ਦਾ ਸ਼ਿਕਾਰ ਹੋ
ਜਾਂ ਫਿਰ ਦਿਮਾਗੀ ਤੌਰ ਤੇ ਬਿਮਾਰ ਹੋ
ਅੱਜ ਜ਼ਰੂਰਤ ਹੈ ਇਕ ਕ੍ਰਾਂਤੀ ਦੀ
ਇਕ ਨਵੀਂ ਸੋਚ ਦੀ
ਇਕ ਨਵੀਂ ਸਵੇਰ ਦੀ
ਤੇ ਇਕ ਹੋਰ ਪੰਦਰਾਂ ਅਗਸਤ ਦੀ
ਤੇ ਫਿਰ ਓਹੀ ਗੀਤ ਗਾਉਣ ਦੀ
ਮੇਰਾ ਰੰਗ ਦੇ ਬਸੰਤੀ ਚੋਲਾ
ਨੀ ਮਾਏ ਮੇਰਾ ਰੰਗ ਦੇ ਬਸੰਤੀ ਚੋਲਾ

* * *

# ਪਤੀ-ਪਤਨੀ

ਪਤੀ-ਪਤਨੀ ਇਕ ਪਾਕ ਰਿਸ਼ਤਾ
ਮੌਤ ਤੱਕ ਦਾ ਸਾਥ
ਮੁਹੱਬਤ, ਵਫਾ, ਅਹਿਸਾਸ
ਕਦੇ ਕੁਝ ਗਿਲੇ ਸ਼ਿਕਵੇ
ਫਿਰ ਵੀ ਆਪਸੀ ਸਮਝ
ਇਹ ਇਕ ਰਿਸ਼ਤਾ ਹੀ ਨਹੀਂ
ਇਬਾਦਤ ਹੈ, ਜਨੂੰਨ ਹੈ
ਸਕੂਨ ਹੈ, ਤੇ ਕੁਝ ਤਿਆਗ ਹੈ
ਇਕ ਦੂਜੇ ਦੇ ਲਈ
ਤੇ ਫਿਰ ਯਕੀਨਨ ਰੱਬ ਵੀ
ਇਸ ਰਿਸ਼ਤੇ ਦਰਮਿਆਨ ਵੱਸਦਾ ਹੈ
ਫਿਰ ਪਤਾ ਨਹੀਂ ਸੰਨਿਆਸੀ
ਜੰਗਲਾਂ ਨੂੰ ਕਿਉਂ ਭੱਜਦਾ ਹੈ
ਇਕੱਲਾ ਹੀ ਰੱਬ ਨੂੰ ਲੱਭਦਾ ਹੈ
ਪਤੀ-ਪਤਨੀ ਇੱਕ ...

* * *



# ਭਾਰਤ ਬਨਾਮ ਸ਼ਮਸ਼ਾਨਘਾਟ

ਮੈਨੂੰ ਤਾਂ ਸਰਕਾਰੀ ਮਹਿਕਮੇ ਕਿਸੇ
ਸ਼ਮਸ਼ਾਨਘਾਟ ਵਾਂਗੂ ਲੱਗਦੇ ਨੇ
ਜਿੱਥੇ ਹਰ ਗਰੀਬ, ਬੇਬੱਸ ਅਤੇ ਮਜਬੂਰ
ਮਨੁੱਖ ਦੀਆਂ ਇੱਛਾਵਾਂ ਦੇ, ਭਾਵਨਾਵਾਂ ਦੇ
ਸਿਵੇ ਬਲ਼ਦੇ ਨੇ
ਜਿੱਥੇ ਪਲ ਵਿੱਚ ਹੀ ਖ਼ਤਮ ਹੋ ਜਾਂਦੀ ਏ
ਮਨੁੱਖਤਾ, ਜਦੋਂ ਨਗਰ ਨਿਗਮ ਵਿੱਚ
ਬੈਠਾ ਭ੍ਰਿਸ਼ਟ ਅਫਸਰ
ਰਿਕਸ਼ਾ ਚਲਾਉਣ ਵਾਲੇ ਕੋਲੋਂ ਵੀ ਰਿਸ਼ਵਤ ਮੰਗਦਾ ਹੈ
ਜਿਹੜਾ ਪਹਿਲਾਂ ਹੀ ਦੋ ਵਕਤ ਦੀ ਰੋਟੀ ਲੱਭਦਾ ਹੈ
ਸੜ ਕੇ ਸੁਆਹ ਹੋ ਜਾਂਦੀ ਹੈ ਸੱਚਾਈ
ਜਦੋਂ ਨੋਟਾਂ ਦੇ ਲਾਲਚ ਨਾਲ ਕੋਈ
ਡਾਕਟਰ ਪੋਸਟਮਾਰਟਮ ਦੀ ਰਿਪੋਰਟ ਹੀ ਬਦਲ ਦਿੰਦਾ ਹੈ
ਇਨਸਾਫ ਧੂੰਆਂ ਬਣ ਕੇ ਉੱਡ ਜਾਂਦਾ ਹੈ
ਜਦੋਂ ਅਦਾਲਤ ਵਿੱਚ, ਮੰਤਰੀ ਦੇ ਕਿਸੇ ਰਿਸ਼ਤੇਦਾਰ ਨੂੰ
ਰਿਹਾ ਕਰ ਦਿੱਤਾ ਜਾਂਦਾ ਹੈ
ਕਾਨੂੰਨ ਅਸਥੀਆਂ ਬਣ ਕੇ ਜਲ ਪ੍ਰਵਾਹ ਹੋ ਜਾਂਦਾ ਹੈ
ਭਰਿਸ਼ਟ, ਅਫਸਰਾਂ ਅਤੇ ਕਲਰਕਾਂ ਹੱਥ
ਜਦੋਂ ਪੈਸੇ ਤੋਂ ਬਿਨਾਂ ਕਿਸੇ ਫਾਇਲ 'ਤੇ ਦਸਤਕ
ਹੀ ਨਹੀਂ ਹੁੰਦੇ
ਰੋਕੋ ਓਏ ਇਹ ਰਿਸ਼ਵਤ ਖੋਰੀ ਦੀ ਅੱਗ ਨੂੰ
ਨਹੀਂ ਤਾਂ ਇਕ ਦਿਨ ਪੂਰਾ ਭਾਰਤ ਹੀ
ਸ਼ਮਸ਼ਾਨ ਘਾਟ ਨਜ਼ਰ ਆਵੇਗਾ...

* * *

# ਸਕੂਲ ਜਾਂ ਵਪਾਰਕ ਕੇਂਦਰ

ਸਕੂਲਾਂ ਨੂੰ ਹੁਣ ਸਕੂਲ ਨਹੀਂ
ਵਪਾਰਕ ਕੇਂਦਰ ਕਹੋ
ਕਿਉਂਕਿ ਇੱਥੇ ਵਿੱਦਿਆ ਦਾ
ਵਪਾਰ ਹੁੰਦਾ
ਗੁਰੂ ਚੇਲੇ ਦੀ ਜੇਬ੍ਹ ਕੱਟਦਾ
ਫਿਰ ਵੀ ਚੇਲੇ ਨੂੰ ਗੁਰੂ ਤੇ
ਇਤਬਾਰ ਹੁੰਦਾ
ਇਤਬਾਰ ਕਰਨ ਵਾਲਿਓ
ਸਤਿਕਾਰ ਕਰਨ ਵਾਲਿਓ
ਜ਼ਰਾ ਹੋਸ਼ ਕਰੋ, ਢਾਹ ਦਿਓ ਉਹ ਦੀਵਾਰਾਂ
ਉਡਾ ਦਿਓ ਉਹ ਛੱਤਾਂ
ਜਿਨ੍ਹਾਂ ਅੰਦਰ ਵਿੱਦਿਆ ਦੇ ਨਾਮ 'ਤੇ
ਇਨਸਾਨ ਦਾ ਸ਼ੋਸ਼ਣ ਹੁੰਦਾ ਹੈ
ਮੰਨਿਆ ਕਿ ਅੱਜ ਲੋੜ ਹੈ ਪੜ੍ਹੇ ਲਿਖੇ ਸਮਾਜ ਦੀ
ਪਰ ਨਾਲ ਹੀ ਜਰੂਰਤ ਹੈ ਇਕ ਆਵਾਜ਼ ਦੀ
ਜੋ ਰੋਕ ਦੇਵੇ ਗਰੀਬਾਂ ਦਾ ਖ਼ੂਨ ਪਸੀਨਾ
ਜਿਹੜਾ ਉਹਨਾਂ ਦੇ ਬੱਚਿਆਂ ਦੀਆਂ
ਫੀਸਾਂ ਦੇ ਨਾਮ ਤੇ ਵਗਦਾ ਹੈ
ਨਹੀਂ ਤਾਂ ਰਹਿਣ ਦਿਓ ਉਏ ਸਮਾਜ ਨੂੰ
ਅਨਪੜ ਹੀ
ਕਿਉਂਕਿ ਵਿਦਿਆ ਇਨਸਾਨ ਦੇ
ਲਹੂ ਤੋਂ ਜ਼ਿਆਦਾ ਕੀਮਤੀ ਨਹੀਂ
ਸਕੂਲਾਂ ਨੂੰ ਹੁਣ ਸਕੂਲ ਨਹੀਂ
ਵਪਾਰਕ ਕੇਂਦਰ ਕਹੋ

* * *



# ਸਿਪਾਹੀ ਬਨਾਮ ਖਿਡਾਰੀ

ਅਨੁਭਵ ਬਿੰਦਰਾ ਇਕ ਸੁਨਹਿਰੀ ਨਾਮ
ਦੇਸ਼ ਦਾ ਗੌਰਵ ਤੇ ਮਾਣ
ਗੋਲੀਆਂ ਨਾਲ ਖੇਡ ਕੇ
ਦੇਸ਼ ਲਈ ਸੋਨੇ ਦਾ ਇਕ
ਤਮਗਾ ਜਿੱਤਣ ਵਾਲਾ ਇਨਸਾਨ
ਬਦਲੇ 'ਚ ਦੇਸ਼ ਨੇ ਉਸ ਨੂੰ
ਸੋਨੇ ਨਾਲ ਲੱਦ ਦਿੱਤਾ
ਕਰੋੜਾਂ ਰੁਪਿਆ ਉਹਦੇ ਅੱਗੇ ਰੱਖ ਦਿੱਤਾ
ਮੇਰਾ ਵੀ ਉਸ ਨੂੰ ਸਲਾਮ
ਪਰ ਉਸ ਤੋਂ ਪਹਿਲਾਂ
ਦੇਸ਼ ਦੇ ਉਹ ਹਰ ਸ਼ਹੀਦ ਨੂੰ ਪ੍ਰਣਾਮ
ਮੁੰਬਈ, ਤਾਜ ਅਤੇ ਕਾਰਗਿਲ ਦੇ
ਉਹ ਹਰ ਸਿਪਾਹੀ ਨੂੰ
ਜਿਨਾਂ ਨੂੰ ਗੋਲੀਆਂ ਨਾਲ ਖੇਡਣਾ ਨਹੀਂ
ਸਗੋਂ ਹਿੱਕ ਤੇ ਖਾਣਾ ਆਉਂਦਾ ਹੈ
ਆਪਣੀ ਜਾਨ ਦੇ ਕੇ ਦੇਸ਼
ਨੂੰ ਬਚਾਉਣਾ ਆਉਂਦਾ ਹੈ
ਪਰ ਮੇਰੇ ਦੇਸ਼ ਦੇ ਹਾਕਮ
ਚੰਦ ਸਿੱਕੇ ਸੁੱਟ ਦਿੰਦੇ ਨੇ
ਇਹਨਾਂ ਦੇ ਕਫ਼ਨ ਤੇ
ਮੇਰਾ ਸਵਾਲ ਹੈ ਇਹਨਾਂ ਹਾਕਮਾਂ ਨੂੰ
ਕੌਣ ਮਹਾਨ ਹੈ ਇਹਨਾਂ ਵਿਚੋਂ
ਇਕ ਸੋਨੇ ਦਾ ਤਮਗਾ ਜਿੱਤ ਕੇ
ਦੇਸ਼ ਨੂੰ ਸਨਮਾਨ ਦੇਣ ਵਾਲਾ
ਜਾਂ ਦੇਸ਼ ਲਈ ਆਪਣੀ ਜਾਨ ਦੇਣ ਵਾਲਾ

* * *

# ਵਤਨਪ੍ਰਸਤੀ

ਵਤਨਪ੍ਰਸਤੀ ਕੋਈ ਨੌਟੰਕੀ ਨਹੀਂ ਜਜ਼ਬਾ ਹੁੰਦਾ ਹੈ
ਦੇਸ਼ ਲਈ ਮਰ ਮਿਟਣ ਦਾ,
ਜਨੂੰਨ ਹੁੰਦਾ ਹੈ, ਕੁਝ ਕਰ ਗੁਜ਼ਰਨ ਦਾ
ਚਿੱਟੀਆਂ ਪੋਸ਼ਾਕਾਂ ਨਾਲ ਜਜ਼ਬਾਤ ਨਹੀਂ
ਪੈਦਾ ਹੁੰਦੇ, ਨਾ ਹੀ ਜਨੂੰਨ
ਇਹ ਤਾਂ ਮੇਰੇ ਦੇਸ਼ ਦੇ ਹੁਕਮਰਾਨਾਂ,
ਦੇ ਦਿਲ ਦੀ ਕਾਲਖ਼ ਨੂੰ ਛੁਪਾਉਣ ਦਾ
ਇਕ ਜ਼ਰੀਆ ਹੈ, ਇਕ ਢੋਂਗ ਹੈ।
ਇਹ ਚਿੱਟੇ ਵਸਤਰ ਦੇਖ ਦੇ
ਮੇਰੇ ਦੇਸ਼ਵਾਸੀਆਂ ਦੀਆਂ
ਅੱਖਾਂ ਵਿੱਚ ਚਿੱਟਾ ਮੋਤੀਆ
ਉਤਰ ਆਇਆ ਹੈ
ਕੋਈ ਹੈ ਭਗਤ ਸਿੰਘ ਦੇ ਵਰਗਾ
ਜੋ ਇਹਨਾਂ ਨੂੰ ਬਸੰਤੀ ਰੰਗ
ਨਾਲ਼ ਸੁਜਾਖਾ ਕਰ ਦੇਵੇ
ਜਗਾ ਦੇਵੇ ਹਿੰਮਤ ਹੌਂਸਲਾ ਜਜ਼ਬਾ
ਅਤੇ ਜਨੂੰਨ
ਕਿਉਂਕਿ ਵਤਨਪ੍ਰਸਤੀ ਕੋਈ ਨੌਟੰਕੀ ਨਹੀਂ।

* * *



# ਰੁੱਖ

ਰੁੱਖ ਮਨੁੱਖ ਵਾਂਗੂੰ ਮਤਲਬੀ ਨਹੀਂ ਹੁੰਦੇ
ਨਾ ਹੀ ਅਹਿਸਾਨ ਫਰਾਮੋਸ਼
ਮਾਂ ਵਰਗਾ ਹੁੰਦਾ ਹੈ ਆਗੋਸ਼
ਸੁਭਾਅ ਬੜਾ ਹੀ ਖਾਮੋਸ਼
ਕਿਰਦਾਰ ਬਿਲਕੁੱਲ ਨਿਰਦੋਸ਼
ਇਹ ਮਨੁੱਖਾਂ ਵਾਂਗੂ ਤਕਰਾਰ ਨਹੀਂ ਕਰਦੇ
ਇਕ ਦੂਜੇ ਤੇ ਵਾਰ ਨਹੀਂ ਕਰਦੇ
ਵਪਾਰ ਨਹੀਂ ਕਰਦੇ
ਕਿ ਆਪਣੀ ਛਾਂ ਦਾ ਵੀ ਮੁੱਲ ਪਾਉਣ
ਇਹ ਤਾਂ ਨਿਸ਼ਕਾਮ ਸੇਵਾ ਕਰਦੇ ਨੇ
ਆਬੋ ਹਵਾ ਨੂੰ ਸਾਫ ਕਰਦੇ ਨੇ
ਹਰ ਜੀਵ ਵਿੱਚ ਸਾਹ ਭਰਦੇ ਨੇ
ਪਰ ਆਦਮੀ, ਆਪਣੀ ਆਦਤ ਤੋਂ ਮਜਬੂਰ
ਇਨਸਾਨ ਹੋਣ ਦਾ ਗਰੂਰ
ਰੁੱਖਾਂ ਦੇ ਪਿਆਰ ਦੇ ਬਦਲੇ
ਉਨ੍ਹਾਂ ਦੀਆਂ ਜੜ੍ਹਾਂ ਵਿੱਚ
ਕੁਹਾੜੀ ਮਾਰਦਾ ਹੈ
ਅੱਗ ਵਿੱਚ ਸਾੜਦਾ ਹੈ

ਕਾਸ਼ ਇਹ ਦੁਨੀਆਂ ਮਨੁੱਖਾਂ ਦੀ ਨਹੀਂ
ਰੁੱਖਾਂ ਦੀ ਹੁੰਦੀ
ਜਿਨਾਂ ਨੂੰ ਲੈਣਾ ਨਹੀਂ
ਸਿਰਫ ਦੇਣਾ ਆਉਂਦਾ ਹੈ।
ਪਿਆਰ ਵਿੱਚ ਰਹਿਣਾ ਆਉਂਦਾ ਹੈ
ਸਭ ਨੂੰ ਆਪਣਾ ਕਹਿਣਾ ਆਉਂਦਾ ਹੈ
ਜੀ ਕਰਦਾ ਮੈਂ ਵੀ ਰੁੱਖ ਹੋ ਜਾਂਵਾ
ਸਭ ਨੂੰ ਵੰਡਾਂ ਛਾਵਾਂ
ਤੂੰ ਵੀ ਰੁੱਖ ਹੋ ਜਾ
ਸਾਰੇ ਹੀ ਰੁੱਖ ਹੋ ਜਾਣ
ਤੇ ਸਭ ਝਗੜੇ ਹੀ ਮੁੱਕ ਜਾਣ
ਕਿਉਂਕਿ ਰੁੱਖ ਇੰਨਸਾਨ ਵਾਂਗੂ
ਮਤਲਬੀ ਨਹੀਂ ਹੁਣੇ ....
ਨਾ ਹੀ ਅਹਿਸਾਨ ਫਰਾਮੋਸ਼

* * *



# ਸੁੰਨਾ ਪੰਜਾਬ

ਕਿੱਥੇ ਗੁੰਮ ਹੋਇਆ ਸਾਡਾ ਜੇਹਲਮ ਤੇ ਝਨਾਬ,
ਸੁੰਨਾ ਜਿਹਾ ਲੱਗਦਾ ਏ ਮੇਰਾ ਇਹ ਪੰਜਾਬ।

ਸੰਤਾਲੀ ਦੇ ਰੌਲਿਆਂ 'ਚ ਅੱਡ-ਅੱਡ ਹੋ ਗਈ,
ਨਾਨਕ ਦੀ ਬਾਣੀ ਤੇ ਮਰਦਾਨੇ ਦੀ ਰਬਾਬ।

ਗੁੰਮ ਸੁੰਮ ਬੈਠੀ ਏ ਮਾਂ ਬੋਲੀ ਪੰਜਾਬੀ,
ਲੈ ਬੈਠਾ ਮੰਦਰਾਂ ਮਸੀਤਾਂ ਦਾ ਹਿਸਾਬ।

ਇਲਮ ਵੈਰ ਵਾਲਾ ਹਰ ਕੋਈ ਪੜ੍ਹੀ ਜਾਵੇ,
ਲੱਭਦੀ ਨਾ ਬੁੱਲੇ ਵਾਲੀ ਇਸ਼ਕ ਦੀ ਕਿਤਾਬ।

ਸਾਰੇ ਜਗ ਨੂੰ ਇਹ ਰੋ ਰੋ ਦਰਦ ਸੁਣਾਵੇ
ਲਹੂ ਨਾਲ ਭਿੱਜੀ ਮੇਰੀ ਮਿੱਟੀ ਦੀ ਅਵਾਜ਼।

ਪੰਜ ਦਰਿਆਵਾਂ ਦਾ ਪਾਣੀ ਸੁੱਕ ਗਿਆ "ਸ਼ਮੀ"
ਹੱਦਾਂ ਉੱਤੇ ਚੜ੍ਹਿਆ ਏ ਖ਼ੂਨ ਦਾ ਸੈਲਾਬ।

* * *

# ਤਕਰਾਰ

ਹਰ ਬਸ਼ਰ ਕਰ ਰਿਹਾ ਹੈ ਤਕਰਾਰ
ਕਿਉਂ ਹੋ ਰਿਹਾ ਹਰ ਕੋਈ ਬੇਜ਼ਾਰ।

ਕੋਈ ਘਾਟ ਨਾ ਰਹੀ ਤਬੀਬਾਂ ਦੀ
ਫਿਰ ਵੀ ਇੱਥੇ ਹਰ ਕੋਈ ਹੈ ਬਿਮਾਰ।

ਇਮਾਨ ਵਿਕ ਰਿਹਾ ਵਿਕ ਰਹੀ ਵਫਾ
ਨੀਲਾਮ ਸ਼ਰੇਆਮ ਹੋ ਰਿਹਾ ਪਿਆਰ।

ਮਿਲ ਬਹਿਣ ਦੀ ਕੋਈ ਗੱਲ ਨਾ ਕਰੇ
ਪੱਥਰ ਮਾਰਨ ਨੂੰ ਹਰ ਕੋਈ ਤਿਆਰ।

ਗੈਰਾਂ ਦੀ ਭੀੜ 'ਚ ਕੋਈ ਨਾ ਮੇਰਾ
ਯਾਰ ਨਾ ਕੋਈ ਵੈਰੀ ਕਈ ਹਜ਼ਾਰ।

ਜ਼ਿੰਦਾ-ਦਿਲੀ 'ਸ਼ਮੀ' ਕਿੱਥੋਂ ਲੱਭੀਏ,
ਬੁਜ਼ਦਿਲਾਂ ਦੀ ਇੱਥੇ ਹੋਈ ਭਰਮਾਰ।

* * *



# ਜ਼ਿੰਦਗੀ

ਜ਼ਿੰਦਗੀ ਨੂੰ ਜਿਉਣ ਦਾ ਕੋਈ ਵੀ ਗਿਆਨ ਨਹੀਂ,
ਸੱਚੀ ਗੱਲ ਤੇ ਮੇਰਾ ਰਤਾ ਵੀ ਧਿਆਨ ਨਹੀਂ।

ਆਪਣੇ ਲਈ ਜਿਉਣ ਦਾ ਬਹਾਨਾ ਨਿੱਤ ਲੱਭਦਾ।
ਮੇਰੇ ਢਿੱਡ ਬਿਨਾਂ ਮੇਰਾ ਕੋਈ ਵੀ ਇਮਾਨ ਨਹੀਂ।

ਵਾਸਤਾ ਨਾ ਰਿਹਾ ਮੇਰਾ ਕਿਸੇ ਦੇ ਨਾਲ ਕੋਈ
ਪੈਸੇ ਬਗੈਰ ਮੇਰਾ ਹੋਰ ਕੋਈ ਜਹਾਨ ਨਹੀਂ।

ਈਰਖ਼ਾ ਤੇ ਗੁੱਸਾ ਮੇਰੇ ਮਨ ਵਿੱਚ ਵਸਿਆ ਏ,
ਪਿਆਰ ਦਾ ਮੇਰੇ ਕੋਲ ਕੋਈ ਵੀ ਸਮਾਨ ਨਹੀਂ।

ਹਨ੍ਹੇਰਿਆਂ ਦੇ ਵਿੱਚ ਮੇਰੀ ਜਾਨ ਦਾ ਬਸੇਰਾ ਹੈ,
ਰੌਸ਼ਨੀ ਦਾ ਜਿੱਥੇ ਭੋਰਾ ਵੀ ਨਿਸ਼ਾਨ ਨਹੀਂ।

ਖ਼ੁਆਇਸ਼ਾਂ ਦੇ ਬਾਜ਼ਾਰ ਮੇਰੀ ਜ਼ਿੰਦਗੀ ਹੈ ਘੁੰਮਦੀ,
ਦਰ-ਦਰ ਫਿਰੇ ਇਹਨੂੰ ਕਿਤੇ ਵੀ ਆਰਾਮ ਨਹੀਂ।

ਲੱਖਾਂ ਲੋਕ 'ਸ਼ਮੀ' ਜਿਹੇ ਦੁਨੀਆਂ ਤੇ ਹੋਣਗੇ,
ਰੱਬ ਜਿਹਾ ਦੁਨੀਆਂ ਤੇ ਕੋਈ ਇਨਸਾਨ ਨਹੀਂ।

* * *

# ਮੈਂ ਪਰਦੇਸੀ

ਮੈਂ ਪਰਦੇਸੀ ਹੋਇਆ ਜਦ ਦਾ,
ਆਪਣਾ ਆਪ ਰਿਹਾ ਹਾਂ ਲਭਦਾ।

ਦੇਸ਼ ਬੇਗਾਨਾ ਧਰਤੀ ਪਰਾਈ,
ਕੋਈ ਵੀ ਨਾ ਆਪਣਾ ਲਭਦਾ।

ਰੁਕ ਗਈ ਨਬਜ਼ ਖਲੋ ਗਏ ਸਾਹ
ਰੁਕਦਾ ਨਾ ਹੜ੍ਹ ਨੈਣੀ ਵਗਦਾ।

ਡੰਗਦੀ ਏ ਰੋਜ਼ ਮੇਰੀ ਤਨਹਾਈ,
ਹੋਕਿਆਂ ਦਾ ਤੀਰ ਸੀਨੇ ਵੱਜਦਾ।

ਚਾਨਣਾਂ ਦਾ ਸ਼ਹਿਰ "ਸ਼ਮੀ" ਗਮਾਂ ਦਾ ਹਨ੍ਹੇਰ,
ਇੱਥੇ ਨਾ ਕੋਈ ਜੁਗਨੂੰ ਜਗਦਾ।

* * *



# ਆਪਣੀ ਅਕਲ ਤੇ ਜੇਬ

ਆਪਣੀ ਅਕਲ ਤੇ ਜੇਬ ਦੂਜੇ ਦੀ ਸਭ ਨੂੰ ਵੱਡੀ ਲਗਦੀ ਏ,
ਇਹ ਦੁਨੀਆਂ ਕੈਸੀ ਯਾਰੋ ਜੋ ਦੂਜੇ ਦੇ ਦੁੱਖ ਵਿੱਚ ਹੱਸਦੀ ਏ।

ਚਾਰੇ ਪਾਸੇ ਧਰਤੀ ਤੇ ਮਤਲਬ ਦਾ ਮੌਸਮ ਆ ਗਿਆ,
ਚੁਗਲੀ ਈਰਖਾ ਨਿੰਦਿਆ ਦਾ ਘੋਰ ਹਨ੍ਹੇਰਾ ਛਾ ਗਿਆ,
ਆਕੜ ਤੇ ਗੁੱਸੇ ਦੀ ਇੱਥੇ ਤੇਜ਼ ਹਨ੍ਹੇਰੀ ਚੱਲਦੀ ਏ।

ਪਿਆਰ ਬਿਨਾਂ ਇਹ ਜਗ ਤੋਂ ਹਰ ਰਿਸ਼ਤਾ ਕਮਜ਼ੋਰ ਹੋ ਰਿਹਾ,
ਇਕ ਦੂਜੇ ਤੇ ਹਿਰਖ ਕਰ-ਕਰ ਕੇ ਹਰ ਸ਼ਖਸ ਹੀ ਰੋ ਰਿਹਾ,
ਦਿਲਾਂ ਦੇ ਵਿੱਚ ਭੈੜੀ ਨਫ਼ਰਤ ਸ਼ਰੇਆਮ ਪਈ ਨੱਚਦੀ ਏ।

ਚਾਰ ਦਿਨਾਂ ਦੀ ਇਹ ਜ਼ਿੰਦਗਾਨੀ ਪਰ ਬੰਦਾ ਨਾ ਸਮਝ ਰਿਹਾ,
ਦੌਲਤ ਦੇ ਚੰਦਰੇ ਚੱਕਰਾਂ ਵਿੱਚ ਐਵੇਂ ਹੀ ਬਸ ਉਲਝ ਰਿਹਾ,
ਸੱਚ ਕਹੇ ਤਾਂ "ਸ਼ਮੀ" ਤੇ ਫਿਰ ਹਰ ਥਾਂ ਭਾਂਬੜ ਮੱਚਦੀ ਏ।

* * *

# ਆਦਮੀ ਤੂੰ ...

ਆਦਮੀ ਤੂੰ ਆਦਮੀ ਦੀ ਜ਼ਿੰਦਗੀ ਸੰਵਾਰ ਦੇ,
ਪਿਆਰ ਸਭ ਤੋਂ ਲਈ ਜਾ, ਸਭ ਨੂੰ ਪਿਆਰ ਦੇ।

ਦੁਨੀਆਂ ਦੇ ਵਿੱਚ ਰੱਬੀ ਨੂਰ ਦੀ ਤਲਾਸ਼ ਕਰ,
ਦਸ ਕੀ ਮਿਲੇਗਾ ਤੈਨੂੰ ਕੰਢੇ ਜੋ ਖਿਲਾਰ ਦੇ।

ਜੰਗਲਾਂ ਤੇ ਬੇਲਿਆਂ ਵਿੱਚ ਕੁਝ ਨਹੀਓਂ ਰੱਖਿਆ,
ਰੱਬ ਨੂੰ ਪਾਉਣ ਲਈ ਬਸ ਨਫਰਤ ਉਤਾਰ ਦੇ।

ਜਾਤ-ਪਾਤ ਵਿੱਚ ਜਿੰਨੇ ਵੰਡਿਆ ਸਮਾਜ ਨੂੰ,
ਐਸੀ ਤੰਗ ਸੋਚ ਨੂੰ ਤੂੰ ਜੜ੍ਹ ਤੋਂ ਉਖਾੜ ਦੇ।

ਮਾਨਵਤਾ ਨੂੰ ਸਿਖ ਪੜ੍ਹਨਾ ਦਿਲ ਦੀ ਨਜ਼ਰ ਤੋਂ
ਫ਼ਿਰਕੂ ਵਰਕਿਆਂ ਨੂੰ ਤੂੰ ਅੱਗ ਵਿੱਚ ਸਾੜ ਦੇ।

ਛੱਡ ਦੇ ਫਰੇਬੀਆਂ ਦੀ ਮਹਿਫਲ ਵਿੱਚ ਬੈਠਣਾ,
ਸੱਚ ਨੂੰ ਜੋ 'ਸ਼ਮੀ' ਸ਼ਰੇਆਮ ਸੂਲੀ ਚਾੜ੍ਹਦੇ।

* * *



# ਆਦਮੀ

ਆਦਮੀ ਆਦਮੀ ਤੋਂ ਨਿਰਾਸ਼ ਹੈ,
ਹਰ ਰਿਸ਼ਤਾ ਜੋ ਅੱਜ ਉਦਾਸ ਹੈ।

ਦੋਸਤੀਆਂ ਵਿੱਚ ਸੱਚੇ ਪਿਆਰ ਦੀ,
ਹਰ ਇਕ ਨੂੰ ਹੀ ਅੱਜ ਤਲਾਸ਼ ਹੈ।

ਕੋਲ ਰਹਿ ਕੇ ਨਾ ਹੁੰਦਾ ਆਪਣਾ,
ਕੋਈ ਦੂਰ ਹੈ ਫਿਰ ਵੀ ਪਾਸ ਹੈ।

ਮੂੰਹ ਨਾਲ ਕਹਿਣ ਤੋਂ ਕੁਝ ਨਹੀਂ,
ਉਹੀ ਆਪਣਾ ਜੋ ਗਮ 'ਚ ਸਾਥ ਹੈ।

ਪਹਿਚਾਣ ਰਿਸ਼ਤਿਆਂ ਦੀ ਹੁੰਦੀ ਜੇਬ ਤੋਂ,
ਕੋਈ ਆਮ ਹੈ ਤੇ ਕੋਈ ਖਾਸ ਹੈ।

* * *

# ਇਨਸਾਨ ਨੂੰ ਕੌਣ ਮਾਰੇ

ਇਨਸਾਨ ਨੂੰ ਕੌਣ ਮਾਰੇ ਇਹ ਤਾਂ ਖੁਦ ਹੀ ਤਲਵਾਰ ਹੈ,
ਇਸ ਤੋਂ ਤਿੱਖਾ ਦੁਨੀਆਂ ਦੇ ਵਿੱਚ ਹੋਰ ਨਾ ਹਥਿਆਰ ਹੈ।

ਉਹ ਐਵੀਂ ਹੀ ਕਹਿ ਰਹੇ ਨੇ ਇੱਥੇ ਇਨਸਾਨ ਮਰ ਰਿਹਾ,
ਇਨਸਾਨੀਅਤ ਮਰ ਰਹੀ, ਇਨਸਾਨ ਤਾਂ ਬੇਸ਼ੁਮਾਰ ਹੈ।

ਦਿਸਦਾ ਨਹੀਂ ਹੈ ਚਿਹਰਾ ਕਿਸੇ ਨੂੰ ਆਹਮੋ ਸਾਹਮਣੇ,
ਦੇਖੇ ਭਲਾ ਕੋਈ ਕਿਵੇਂ ਵਿੱਚ ਧਰਮਾਂ ਦੀ ਦੀਵਾਰ ਹੈ।

ਪਿਆਰ ਲਫਜ਼ ਤਾਂ ਮੁੱਦਤਾਂ ਤੋਂ ਹੀ ਹੋ ਗਿਆ ਸ਼ਹੀਦ
ਰਿਵਾਜ਼ ਹੈ ਮਤਲਬਪ੍ਰਸਤੀ ਦਾ ਬਸ ਤਕਰਾਰ ਹੀ ਤਕਰਾਰ ਹੈ।

ਬਹਾਲ ਨਹੀਂ ਹੋ ਸਕਿਆ ਅਜੇ ਤੱਕ ਵੀ ਅਮਨ ਤੇ ਇਨਸਾਫ
ਜ਼ੁਲਮ ਦਾ ਹਰ ਪਾਸੇ ਰਾਜ਼ ਹੈ ਬਸ ਜ਼ੁਲਮ ਦੀ ਸਰਕਾਰ ਹੈ।

ਧਰਤੀ ਦੀ ਹਿੱਕ ਵਿੱਚੋਂ ਕੈਸੀਆਂ ਆ ਰਹੀਆਂ ਆਵਾਜ਼ਾਂ,
'ਸ਼ਮੀ' ਦਫਨ ਹੋਏ ਸੱਚ ਦੀ ਹਰ ਇਨਸਾਨ ਨੂੰ ਪੁਕਾਰ ਹੈ।

* * *



# ਦੁਨੀਆਂ

ਕਿਉਂ ਹਰ ਪਾਸੇ ਹੋ ਰਹੀ
ਦੁਕਾਨਾਂ ਦੀ ਭਰਮਾਰ।

ਜਿੱਥੇ ਹਰ ਕੋਈ ਸੱਚ ਦੀ,
ਚਮੜੀ ਰਿਹਾ ਉਤਾਰ।

ਜਿੱਥੇ ਨਾ ਕੋਈ ਆਪਣਾ
ਨਾ ਕੋਈ ਦਿਲਬਰ ਜਾਨੀ।

ਹਰ ਇਕ ਦੇ ਹੱਥ ਫੜੀ
ਝੂਠ ਦੀ ਤੇਜ਼ ਕਟਾਰ।

ਵਿਕਦਾ ਹੈ ਈਮਾਨ ਵੀ ਜਿੱਥੇ,
ਵਿਕ ਰਹੀ ਸੱਚੀ ਪ੍ਰੀਤ।

ਜਿੱਥੇ ਮੁਲ ਨਾ ਪਾਉਂਦੇ,
ਆਪਣੇ ਹੀ ਜਿਗਰੀ ਯਾਰ।

ਮਤਲਬ ਦੀ ਇਸ ਦੁਨੀਆਂ ਵਿੱਚ,
ਕਿਸ ਨੂੰ ਕਹਾਂ ਮੈਂ ਆਪਣਾ।

ਅੱਖਾਂ ਖੋਲ੍ਹ ਕੇ ਵੀ ਕਿਸੇ ਤੇ
ਹੁੰਦਾ ਨਾ ਇਤਬਾਰ।

* * *

# ਸ਼ਹੀਦ ਨੂੰ ਸਿਜਦਾ (ਸਲਾਮ)

ਤੇਰੀ ਮੌਤ ਦੇ ਗਈ ਸਾਨੂੰ ਅਜ਼ਾਦੀ ਦਾ ਇਨਾਮ
ਤੇਰੇ ਜਜ਼ਬਾਤ ਬਣੇ ਕੌਮ ਲਈ ਪਿਆਰ ਦਾ ਪੈਗਾਮ।

ਖੁਸ਼ ਹੈ ਤੇਰੇ ਤੋਂ ਮੇਰੇ ਵਤਨ ਦੀ ਮਿੱਟੀ ਵੀ,
ਮਾਂ ਵੀ ਖੁਸ਼ਨਸੀਬ ਜਿਨ ਰੱਖਿਆ ਭਗਤ ਸਿੰਘ ਨਾਮ।

ਬਹਾਰਾਂ ਮੰਗ ਰਹੀਆਂ ਤੈਥੋਂ ਰੰਗ ਉਹ ਬਸੰਤੀ,
ਤੂਫਾਨ ਵੀ ਤੈਥੋਂ ਮੰਗਦੇ ਨੇ ਹੌਂਸਲੇ ਬਲਵਾਨ।

ਭੰਵਰੇ ਵੀ ਗਾਉਂਦੇ ਨੇ ਤੇਰੀ ਸ਼ਹਾਦਤ ਦੇ ਗੀਤ
ਪੱਤਾ-ਪੱਤਾ ਕਰ ਰਿਹਾ ਹੈ ਤੇਰੀ ਸੋਚ ਨੂੰ ਸਲਾਮ।

ਅੱਗ ਵੀ ਤੈਥੋਂ ਮੰਗੇ ਤੇਰੇ ਜਨੂਨ ਦੀ ਤਪਸ਼
ਫੁੱਲ ਵੀ ਤੇਰੀ ਕੋਮਲਤਾ ਦਾ ਮੰਗਦੇ ਵਰਦਾਨ।

ਜਾਤਾਂ-ਪਾਤਾਂ ਅਤੇ ਧਰਮਾਂ ਦੇ ਵਿਵਾਦਾਂ ਤੋਂ ਪਰੇ
ਤੇਰੀ ਨਿੱਘਰ ਜਿਹੀ ਸੋਚ ਨੂੰ ਤਰਸ ਰਿਹਾ ਇਨਸਾਨ।

"ਸ਼ਮੀ" ਦੇਸ਼ ਦਾ ਹਰ ਬਾਸ਼ਿੰਦਾ ਤੈਨੂੰ ਸਿਜਦਾ ਕਰ ਰਿਹਾ,
ਮੇਰੇ ਸ਼ਹਿਰ ਦੀ ਹਵਾ ਵੀ ਤੈਨੂੰ ਕਰਦੀ ਏ ਸਲਾਮ।

* * *



# ਕੋਈ ਵੀ ਨਾ ...

ਕੋਈ ਵੀ ਨਾ ਆਪਣੇ ਆਪ ਨੂੰ ਇਨਸਾਨ ਆਖਦਾ
ਬਸ ਹਿੰਦੂ ਸਿੱਖ ਇਸਾਈ ਮੁਸਲਮਾਨ ਆਖਦਾ।

ਧਰਮਾਂ ਦੇ ਅੰਦਰ ਪਿਆਰ ਦਾ ਪਰਚਾਰ ਹੋ ਰਿਹਾ,
ਪਰਦੇ ਦੇ ਹੇਠਾਂ ਦੌਲਤ ਦਾ ਪ੍ਰਸਾਰ ਹੋ ਰਿਹਾ।
ਹਰ ਬੰਦਾ ਇਸ ਖੇਲ ਤੋਂ ਅਨਜਾਣ ਜਾਪਦਾ।

ਨਫਰਤ ਦੀਆਂ ਚਾਰੇ ਪਾਸੇ ਕੰਧਾਂ ਖੜ੍ਹ ਗਈਆਂ,
ਧਰਮਾਂ ਦੇ ਨਾਂ ਉਤੇ ਕਈ ਕੌਮਾਂ ਲੜ ਰਹੀਆਂ,
ਹਰ ਕੋਈ ਆਪਣੇ ਆਪ ਨੂੰ ਬਲਵਾਨ ਆਖਦਾ।

ਰੱਬ ਇਕ ਹੈ ਮੂੰਹੋਂ ਹਰ ਕੋਈ ਇਹੋ ਕਹਿ ਰਿਹਾ,
ਟੋਟੇ-ਟੋਟੇ ਕਰਕੇ 'ਸ਼ਮੀ' ਰੱਬ ਦਾ ਨਾਅ ਲੈ ਰਿਹਾ,
ਕੋਈ ਗੌਡ, ਅੱਲ੍ਹਾ, ਵਾਹਿਗੁਰੂ, ਭਗਵਾਨ ਆਖਦਾ।

* * *

# ਪੰਜਾਬ ਦੀ ਵੰਡ

ਪੰਜਾਬ ਦੀ ਹਿੱਕ ਉਤੇ ਯਾਰੋ ਤਾਰ ਕੌਣ ਲਾ ਗਿਆ,
ਪੰਜਾਬੀ ਮਾਂ ਤੇ ਪੁੱਤਰਾਂ ਵਿੱਚ ਵੰਡ ਕੌਣ ਪਾ ਗਿਆ।

ਮੈਨੂੰ ਤੇ ਲੱਗਦਾ ਅਸਾਂ ਨੇ ਖ਼ੁਦ ਹੀ ਤਾਰ ਲਾਈ ਵੇ,
ਅਸਾਂ ਨੇ ਖੁਦ ਆਪਣੇ ਘਰ ਵਿੱਚ ਵੰਡ ਪਾਈ ਏ,
ਨਫਰਤ ਦਾ ਕੌੜਾ ਜ਼ਹਿਰ ਸਾਨੂੰ ਕੌਣ ਆ ਪਿਲਾ ਗਿਆ।

ਮੰਦਿਰਾਂ ਮਸੀਤਾਂ ਨੂੰ ਅਸਾਂ ਨੇ ਰਲ ਕੇ ਤੋੜਿਆ ਸੀ,
ਪੱਗਾਂ ਨੂੰ ਸਿਰ ਤੋਂ ਲਾਹ ਕੇ ਪੈਰਾਂ ਵਿੱਚ ਰੋਲ਼ਿਆ ਸੀ,
ਅਸਾਂ ਨੇ ਆਪਣੇ ਆਪ ਦੇ ਹੀ ਖ਼ੂਨ ਨੂੰ ਬਹਾ ਲਿਆ।

ਆਪਣੀ ਹੀ ਲਾਈ ਅੱਗ ਨੂੰ ਆਓ ਰਲ ਕੇ ਬੁਝਾਅ ਦੇਈਏ,
ਦਿਲਾਂ ਦੀ ਇਸ ਨਫਰਤ ਨੂੰ ਆਓ ਰਲ ਕੇ ਮਿਟਾ ਦੇਈਏ,
ਤੋੜ ਦਈਏ ਹੱਦਾਂ 'ਸ਼ਮੀ' ਵਾਰਿਸ ਸ਼ਾਹ ਬੁਲਾ ਰਿਹਾ।

* * *



# ਜਹਾਨ ਬਦਲ ਰਿਹਾ

ਪੈਸੇ ਦੇ ਜ਼ੋਰ ਨਾਲ ਇਹ ਜਹਾਨ ਬਦਲ ਰਿਹਾ,
ਰਿਸ਼ਤੇ ਬਦਲ ਰਿਹੇ ਇਨਸਾਨ ਬਦਲ ਰਿਹਾ।

ਹਰ ਜਗ੍ਹਾ ਤੇ ਜਲ ਰਹੇ ਸਮਸ਼ਾਨ ਪਿਆਰ ਦੇ,
ਦੁਸ਼ਮਣ ਤੋਂ ਵੱਧ ਕੇ ਵੀ ਹੁਣ ਯਾਰ ਮਾਰਦੇ,
ਇੱਥੇ ਰੱਬ ਦਾ ਵੀ ਹਰ ਪਲ ਤੇ ਨਾਮ ਬਦਲ ਰਿਹਾ।

ਹਰ ਬੰਦੇ ਦਾ ਸੁਭਾਅ ਰੁੱਖਾ-ਰੁੱਖਾ ਹੋ ਰਿਹਾ,
ਰੋਟੀ ਦੀ ਥਾਂ ਤੇ ਹੁਣ ਦੌਲਤ ਦਾ ਭੁੱਖਾ ਹੋ ਰਿਹਾ,
ਗੁਰੂ ਵੀ ਬਦਲ ਰਹੇ ਨੇ ਗਿਆਨ ਬਦਲ ਰਿਹਾ।

ਧਰਤੀ ਦੇ ਕੋਨੇ-ਕੋਨੇ ਵਿੱਚ ਬਾਰੂਦ ਨੱਚ ਰਿਹਾ,
'ਸ਼ਮੀ' ਭਾਂਬੜ ਮੌਤ ਦਾ ਹਰ ਜਗ੍ਹਾ ਤੇ ਮੱਚ ਰਿਹਾ
ਜ਼ਮੀਨ ਬਦਲ ਰਹੀ ਏ ਆਸਮਾਨ ਬਦਲ ਰਿਹਾ।

* * *

# ਲਾਹੌਰ ਦੀਆਂ ਗਲ੍ਹੀਆਂ

ਬੜਾ ਚਿੱਤ ਕਰੇ ਤੇਰੇ ਸ਼ਹਿਰ ਆਉਣ ਨੂੰ,
ਵਿੱਛੜੇ ਪੰਜਾਬ ਨੂੰ ਗਲ ਲਾਉਣ ਨੂੰ,
ਲਾਹੌਰ ਤੇਰੇ ਦੀਆਂ ਗਲ੍ਹੀਆਂ ਨੂੰ,
ਮੇਰਾ ਦੇਖਣ ਨੂੰ ਜੀਅ ਕਰਦਾ ਏ,
ਪਰ ਕੰਡਿਆਲੀ ਤਾਰ ਤੋਂ ਯਾਰਾ,
ਦਿਲ ਮੇਰਾ ਬੜਾ ਡਰਦਾ ਏ।

ਆ ਨੱਚੀਏ ਚੱਕ ਕੇ ਪੱਬਾਂ ਨੂੰ,
ਤੋੜ ਦਈਏ ਸਰਹੱਦਾਂ ਨੂੰ,
ਇਕ ਥਾਂ ਤੇ ਚੱਲ ਇਕੱਠੇ ਕਰੀਏ,
ਵੱਖ-ਵੱਖ ਹੋਏ ਸਭ ਰੰਗਾਂ ਨੂੰ,
ਖੋਹ ਲਈਏ ਬੰਦੂਕਾਂ ਉਸ ਤੋਂ,
ਐਵੇਂ ਹੀ ਜੋ ਲੜਦਾ ਏ।

ਐਤਕੀਂ ਆ ਰਲ ਈਦ ਮਨਾਈਏ,
ਵਿੱਚ ਵੈਸਾਖੀ ਭੰਗੜੇ ਪਾਈਏ,
ਸਾਗ ਸਰ੍ਹੋਂ ਦਾ ਮੱਕੀ ਦੀ ਰੋਟੀ,
ਇੱਕੋ ਹੀ ਚੌਂਕੇ ਬਹਿ ਖਾਈਏ,
ਸਾਨੂੰ ਇਕੱਠਿਆਂ ਵੇਖ ਕੇ ਇਹ ਜਗ,
ਐਵੇਂ ਚੰਦਰਾ ਸੜਦਾ ਏ।

ਆ 'ਸ਼ਮੀ' ਹੁਣ ਹੱਥ ਮਿਲਾਈਏ,
ਲੰਬੀਆਂ ਹੇਕਾਂ ਦੇ ਮਿਰਜ਼ਾਂ ਗਾਈਏ,
ਭੁੱਲ ਜਾਈਏ ਉਹ ਗੱਲ ਪੁਰਾਣੀ,
ਉਹ ਬੀਤੇ ਕੱਲ੍ਹ ਨੂੰ ਭੁੱਲ ਜਾਈਏ,
ਨਵੀਂ ਸਵੇਰ ਦੀਆਂ ਨਵੀਆਂ ਕਿਰਨਾਂ,
ਦੇਖਣ ਨੂੰ ਜੀਅ ਕਰਦਾ ਏ।

* * *



# ਲਹੂ ਦੀ ਲਕੀਰ

ਅੱਜ ਵੀ ਹੈ ਅੱਲ੍ਹੇ ਉਹ ਜਖ਼ਮਾਂ ਦੇ ਚੀਰ
ਅਜੇ ਵੀ ਹੈ ਗੂੜੀ ਸਾਡੇ ਲਹੂ ਦੀ ਲਕੀਰ,

ਕੰਡਿਆਂ ਦੀ ਤਾਰ ਸਾਡਾ ਵੰਡਿਆ ਵਜੂਦ
ਵੰਡ ਦਿੱਤੇ ਸਾਡੇ ਪੰਜ ਨਦੀਆਂ ਦੇ ਨੀਰ।

ਮਜ਼੍ਹਬ ਨੂੰ ਬਚਾਉਣ ਦਾ ਵਹਿਮ ਸੀ ਕੈਸਾ,
ਵੇਚ ਦਿੱਤਾ ਸਭ ਆਪੋ ਆਪਣਾ ਜ਼ਮੀਰ।

ਮੰਦਿਰਾਂ ਮਸੀਤਾਂ ਦੀਆਂ ਕੰਧਾਂ ਹੋਈਆਂ ਖ਼ੂਨੀ
ਜਿੱਥੇ ਇਨਸਾਨੀਅਤ ਦੀ ਹੋਈ ਸੀ ਅਖ਼ੀਰ

ਜਿਨਾਹ, ਨਹਿਰੂ ਦੋਵੇਂ ਗੱਦੀ ਉਤੇ ਬਹਿਣ ਲਈ
ਭਾਰਤ ਮਾਂ ਦਾ ਕਰ ਗਏ ਪੱਲਾ ਲੀਰੋ ਲੀਰ।

ਕੁਝ ਵੀ ਨਾ ਬਦਲਿਆ ਵਰ੍ਹਿਆਂ ਦੇ ਬਾਅਦ ਵੀ
ਨਾ ਬਦਲੇ ਉਹ ਨੇਤਾ ਨਾ ਬਦਲੇ ਵਜ਼ੀਰ

ਭੁੱਲਣਾ ਨਹੀਂ "ਸ਼ਮੀ" ਉਹ ਦੌਰ ਸੰਤਾਲੀ ਦਾ
ਜਦੋਂ ਹੋਈ ਸੀ ਪੰਜਾਬ ਦੀ ਕਾਲੀ ਤਸਵੀਰ।

* * *

# ਨਸ਼ਿਆਂ ਵਿੱਚ ਡੁੱਬ ਰਿਹਾ ਪੰਜਾਬ

ਮੇਰੇ ਪੰਜਾਬ ਦੇ ਵਿੱਚ ਹੁਣ ਸਤਲੁਜ, ਰਾਵੀ ਤੇ ਬਿਆਸ ਨਹੀਂ,
ਨਸ਼ਿਆਂ ਦੇ ਚੋਅ ਵਗਦੇ ਨੇ,
ਹਰ ਸ਼ਹਿਰ ਪਿੰਡ-ਪਿੰਡ ਵਿੱਚੋਂ ਵੀ ਲੰਘਦੇ ਨੇ
ਵਹਾ ਕੇ ਲੈ ਜਾਂਦੇ ਨੇ ਹਰ ਘਰ ਦੀ ਖੁਸ਼ੀ
ਗੱਭਰੂਆਂ ਦੀ ਮੁਸਕਾਨ,
ਕਰ ਜਾਂਦੇ ਨੇ ਲਹੂ ਲੁਹਾਨ
ਮਾਪਿਆਂ ਦੇ ਅਰਮਾਨ
ਹੁਣ ਤੇ ਦਵਾਖਾਨਿਆਂ ਵਿੱਚ, ਦਵਾ ਨਹੀਂ
ਜ਼ਹਿਰ ਵਿਕਦੀ ਹੈ,
ਜ਼ਿੰਦਗੀ ਦੀ ਥਾਂ ਤੇ, ਮੌਤ ਮਿਲਦੀ ਹੈ
ਇਹ ਦਵਾਖ਼ਾਨੇ, ਮਨਜ਼ੂਰਸ਼ੁਦਾ ਜੱਲਾਦਖ਼ਾਨੇ
ਇਹਨਾਂ ਅੰਦਰ ਬੈਠੇ ਪੜ੍ਹੇ-ਲਿਖੇ ਜੱਲਾਦ
ਕਰ ਰਹੇ ਨੇ ਬਰਬਾਦ, ਸਾਡਾ ਅੱਜ
ਅਤੇ ਆਉਣ ਵਾਲਾ ਕੱਲ੍ਹ।
ਕੀ ਤੁਸੀਂ ਕਦੇ ਉਸੇ ਮਾਂ ਦੇ ਵਿਰਲਾਪ ਨੂੰ
ਸੁਣਿਆ ਹੈ।



ਜਿਸ ਦਾ ਪੁੱਤ ਨਸ਼ਿਆਂ ਦੀ ਭੇਂਟ ਚੜ੍ਹ ਗਿਆ ਹੋਵੇ
ਸੜ ਗਿਆ ਹੋਵੇ, ਘੁੱਟ ਘੁੱਟ ਕੇ ਮਰ ਗਿਆ ਹੋਵੇ।
ਨਹੀਂ ਤਾਂ ਅੱਜ ਸੁਣ ਲੈਣਾ ਉਸੇ ਮਾਂ ਦੀ ਦੁਹਾਈ
ਜੋ ਕਹਿ ਰਹੀ ਹੈ ਇਸ ਸਮਾਜ ਨੂੰ
ਕੋਈ ਹੈ, ਜਿਹੜਾ ਮੋੜ ਲਿਆਵੇ ਮੇਰੇ ਲਾਲ ਨੂੰ
ਉਹ ਦੁਖਿਆਰੀ ਮਾਂ ਕੀ ਜਾਣੇ
ਕਿ ਮਰੇ ਹੋਏ ਕਦੇ ਵਾਪਿਸ ਨਹੀਂ ਆਉਂਦੇ
ਪਰ ਅਸੀਂ ਹੋਰ ਮਰਨ ਵਾਲਿਆਂ ਦੀ ਜ਼ਿੰਦਗੀ ਦੇ
ਪਹਿਰੇਦਾਰ ਬਣ ਸਕਦੇ ਹਾਂ
ਮੌਤ ਅੱਗੇ ਫੌਲਾਦ ਬਣ ਕੇ
ਖੜ ਸਕਦੇ ਹਾਂ
ਇਹਨਾਂ ਜੱਲਾਦਾਂ ਦੇ ਨਾਲ
ਲੜ ਸਕਦੇ ਹਾਂ
ਚਲੋ ਫਿਰ ਆਓ ਰੋਕ ਦਈਏ
ਇਹ ਨਸ਼ਿਆਂ ਦੇ ਸੈਲਾਬ ਨੂੰ
ਉਏ ਮੇਰੇ ਡੁੱਬਦੇ ਹੋਏ ਪੰਜਾਬ ਨੂੰ
ਮੇਰੇ ਡੁੱਬਦੇ ਹੋਏ ਪੰਜਾਬ ਨੂੰ

* * *

# ਪੱਤਝੜ ਦੇ ਬਾਅਦ

ਪੱਤਝੜ ਦੇ ਬਾਅਦ ਵੀ ਪੱਤੇ ਨੇ ਜ਼ਰਦ ਜ਼ਰਦ,
ਹਰ ਟਹਿਣੀ ਉੱਤੇ ਪਈ ਹੋਈ ਗਰਦ ਹੀ ਗਰਦ।

ਕ੍ਰਾਂਤੀ ਦੀ ਗੱਲ ਹੁਣ ਕੌਣ ਕਰੇ ਬੇਚਾਰਾ,
ਅਬਲਾ ਦੇ ਵਾਂਗੂ ਇੱਥੇ ਲਾਚਾਰ ਨੇ ਮਰਦ।

ਚਾਰ ਦੀਵਾਰਾਂ ਵਿੱਚੋਂ ਰੱਬ ਨੂੰ ਕਰੋ ਆਜ਼ਾਦ,
ਮੰਦਿਰਾਂ ਤੇ ਮਸਜ਼ਿਦਾਂ ਦੀ ਛੱਡ ਦਿਓ ਗਰਜ਼।

ਸੂਰਜ ਦੀਆਂ ਕਿਰਨਾਂ ਜੋ ਮੱਧਮ ਪੈ ਗਈਆਂ,
ਧੂੰਆਂ ਬਣ ਕੇ ਉਡ ਰਿਹਾ ਇਖ਼ਲਾਕ ਤੇ ਫ਼ਰਜ਼।

ਨਿੱਕੇ ਨਿੱਕੇ ਮਾਸੂਮ ਧਰੀ ਬੈਠੇ ਹੱਥ ਢਿੱਡ ਤੇ,
ਜਿਨ੍ਹਾਂ ਘਰਾਂ ਦੇ ਚੌਂਕੇ ਹੋ ਗਏ ਨੇ ਸਰਦ।

ਉਸ ਖਲਕਤ ਦੇ ਰੋਣ ਦੀ ਕੌਣ ਸੁਣੇ ਆਵਾਜ਼,
ਜਿਨ੍ਹਾਂ ਦੇ ਰਹਿਨੁਮਾ ਹੋ ਗਏ ਨੇ ਬੇਦਰਦ।

ਆਦਮੀ ਦਾ ਲਹੂ ਡੀਕ ਲਾ ਕੇ ਪੀਣ ਵਾਲਾ,
ਜਾਨਵਰਾਂ ਦੇ ਮਾਸ ਤੋਂ ਰਿਹਾ ਹੈ ਵਰਜ਼।

ਮੁੱਕ ਜਾਣਾ ਦੋਸਤਾਂ ਤੇ ਦੁਸ਼ਮਣਾਂ ਨੇ ਵੀ,
ਮੁੱਕਣੀ ਨਹੀਂ ਹੈ 'ਸ਼ਮੀ ਮਜ਼ਲੂਮ ਦੀ ਅਰਜ਼।

* * *



# ਰੰਗ

ਰੰਗ ਬਦਲਦੀ ਦੁਨੀਆਂ ਦੇ ਵਿੱਚ ਵੇਖੇ ਰੰਗ ਬਥੇਰੇ,
ਇਸ਼ਕੇ ਦਾ ਰੰਗ ਮਿਲਿਆ ਨਾ ਅਸੀਂ ਘੁੰਮੇ ਚਾਰ ਚੁਫੇਰੇ।

ਚੜ੍ਹਦੇ ਨਾ ਹੁਣ ਦਿਨ ਗੁਲਾਬੀ ਨੀਲੇ ਅੰਬਰ ਹੇਠਾਂ,
ਚਾਨਣ ਦਾ ਰੰਗ ਮੈਲਾ ਕਰ ਗਏ ਕਾਲੇ ਘੋਰ ਹਨ੍ਹੇਰੇ।

ਨਾ ਲੱਭੇ ਚੇਤਰ ਦਾ ਮੌਸਮ ਨਾ ਉਹ ਖਿੜੀ ਬਸੰਤਰ,
ਰੰਗਲੀਆਂ ਰੁੱਤਾਂ ਲੁੱਟ ਕੇ ਲੈ ਗਏ ਕੱਤਕ ਦੇ ਲੁਟੇਰੇ।

ਨਾ ਰਹੀਆਂ ਉਹ ਸੰਦਲੀ ਪੈੜਾਂ ਨਾ ਉਹ ਮਸਤ ਹਵਾਵਾਂ,
ਨਾ ਕਿਤੇ ਮੈਨੂੰ ਦਿਖਦੇ ਉਹ ਸਤਰੰਗੀ ਪੀਂਘ ਦੇ ਘੇਰੇ।

ਉਜੜੇ ਬਾਗਾਂ ਦੇ ਵਿੱਚ ਮੈਨੂੰ ਮਾਲੀ ਨਜ਼ਰ ਨਾ ਆਵੇ,
ਬੇਰੰਗ ਹੋਈ ਧਰਤੀ ਲੱਪ-ਲੱਪ ਹੰਝੂ ਪਈ ਜੋ ਕੇਰੇ।

ਕਿਹੜੇ ਰੰਗਾਂ ਵਿੱਚ ਰਾਜ਼ੀ ਮੇਲਾ ਜੇ ਤੂੰ ਜਾਣ ਲਵੇਂ,
ਸਾਰੇ ਜਗ ਤੇ ਹੋ ਜਾਣ "ਸ਼ਮੀ" ਸੱਜਰੇ ਸੋਨ ਸਵੇਰੇ।

* * *

# ਵਿਲਕਦਾ ਸ਼ਹਿਰ

ਸ਼ਹਿਰ ਵਿਲਕਦਾ ਰਿਹਾ ਰਾਤ ਭਰ ਦੋਸਤਾ,
ਹਰ ਸ਼ਖਸ ਗਿਆ ਮੌਤ ਕੋਲੋਂ ਡਰ ਦੋਸਤਾ।

ਖੂਨੀ ਗਿਰਝਾ ਅਮਨ ਦੀ ਲਾਸ਼ ਖਾ ਲਈ,
ਦਹਿਸ਼ਤ ਹੱਥੋਂ ਜੋ ਗਿਆ ਏ ਮਰ ਦੋਸਤਾ।

ਰੁਲ੍ਹ ਗਿਆ ਪੈਰਾਂ ਹੇਠ ਸੱਚ ਦਾ ਵਜੂਦ,
ਹੋਇਆ ਫਿਰਦਾ ਏ ਘਰੋਂ ਬੇਘਰ ਦੋਸਤਾ।

ਹਾਲ ਦੇਖ ਆਪਣਾ ਰੋਇਆ ਮਜ਼ਲੂਮ,
ਹੁਣ ਜੁਲਮ ਨਾ ਹੁੰਦਾ ਜੋ ਜਰ ਦੋਸਤਾ।

ਨਾ ਇਹ ਠੱਲ੍ਹਦੇ ਨੇ ਨਾਹੀਂ ਸੁੱਕਦੇ ਨੇ,
ਲਹੂ ਨਾਲ ਚੜ੍ਹੇ ਹੋਏ ਨੇ ਸਰ ਦੋਸਤਾ।

ਲੱਭਦਾ ਨਾ ਕਿਤੇ ਇਨਸਾਨ ਦਾ ਜ਼ਮੀਰ,
ਫਿਰੇ ਭਟਕਦਾ ਸ਼ਮੀ ਦਰ-ਦਰ ਦੋਸਤਾ।

* * *



# ਮੈਂ ਮੁੱਕ ਰਿਹਾ ਹਾਂ

ਮੈਂ ਮੁੱਕ ਰਿਹਾ ਹਾਂ
ਬਸ ਮੁਕ ਰਿਹਾ ਹਾਂ
ਵਕਤ ਦੀ ਔੜ ਵਿੱਚ, ਸੁੱਕ ਰਿਹਾ ਹਾਂ
ਚੁੱਕ ਰਿਹਾ ਹਾਂ ਆਪਣੇ ਆਪ ਨੂੰ
ਡਿੱਗਦਾ ਢਹਿੰਦਾ, ਉਠਦਾ ਬਹਿੰਦਾ
ਡਗਮਗਾ ਰਿਹਾ ਹਾਂ, ਨਿਭਾ ਰਿਹਾ ਹਾਂ,
ਜ਼ਿੰਦਗੀ ਨੂੰ,
ਉਠਾ ਰਿਹਾ ਹਾਂ ਮਰ ਚੁੱਕੇ,
ਸੁਪਨਿਆਂ ਦੀਆਂ ਲੋਥਾਂ,
ਸੋਚਾਂ, ਬਣ ਕੇ ਜੋਕਾਂ
ਚਿੰਬੜ ਗਈਆਂ ਮੇਰੇ ਜ਼ਹਿਨ ਨੂੰ
ਚੂਸ ਰਹੀਆਂ ਨੇ ਮੇਰਾ ਸਕੂਨ
ਕਰ ਗਈਆਂ ਅਧਮੋਏ ਮੇਰੇ ਜਜ਼ਬਾਤ
ਮੇਰੇ ਹਾਲਾਤ,
ਮੁੱਕਦਾ ਨਹੀਂ ਮੇਰੇ ਸੁਪਨਿਆਂ ਦੇ
ਮਰ ਜਾਣ ਦਾ ਸੋਗ।
ਨਾ ਆਉਣ ਵਾਲੇ ਕੱਲ੍ਹ ਵਿੱਚ ਜਿਊਣ ਦਾ ਫਿਕਰ
ਬੀਤ ਚੁੱਕੇ ਕੱਲ੍ਹ ਅਤੇ ਆਉਣ ਵਾਲੇ ਕੱਲ੍ਹ
ਦੋਵਾਂ ਵਿਚਕਾਰ ਮੈਂ ਖੜ੍ਹਾ,
ਅੱਜ ਪਿਸ ਰਿਹਾ ਹਾਂ,
ਮੁੱਕ ਰਿਹਾ ਹਾਂ, ਟੁੱਟ ਰਿਹਾ ਹਾਂ
ਬਸ ਮੁੱਕ ਰਿਹਾ ਹਾਂ
ਵਕਤ ਦੀ ਔੜ ਵਿਚ ਸੁੱਕ ਰਿਹਾ ਹਾਂ।

* * *

# ਲਫਜ਼ਾਂ ਦੇ ਚਿਰਾਗ

ਚਿਰਾਗ ਬਣ ਕੇ ਲਫਜ਼ ਮੇਰੇ ਜਗਮਗਾਉਂਦੇ ਰਹਿਣਗੇ,
ਨੂਰ ਆਪਣੇ ਨਾਲ ਦੁਨੀਆਂ ਰੁਸ਼ਨਾਉਂਦੇ ਰਹਿਣਗੇ।

ਚੀਰ ਦੇਣਗੇ ਹਨ੍ਹੇਰਿਆਂ ਨੂੰ ਹਿੱਕ ਉਤੇ ਬੈਠ ਕੇ,
ਰਾਤਾਂ ਕਾਲੀਆਂ ਦੇ ਨਾਲ ਇਹ ਟਕਰਾਉਂਦੇ ਰਹਿਣਗੇ।

ਹੁਣ ਗਮ ਨਾ ਕਰੋ ਕੋਈ ਬਹਾਰਾਂ ਮੁੱਕ ਜਾਣ ਦਾ,
ਪਤਝੜ ਵਿੱਚ ਵੀ ਫਿਜ਼ਾ ਨੂੰ ਮਹਿਕਾਉਂਦੇ ਰਹਿਣਗੇ।

ਲੱਭ ਲੈਣਗੇ ਹਰ ਮਹਿਕ ਨੂੰ ਤਲਾਸ਼ ਕਰਕੇ ਦੋਸਤਾ,
ਨਦੀਆਂ ਵਾਂਗੂ ਰਾਹ ਆਪਣੇ ਬਣਾਉਂਦੇ ਰਹਿਣਗੇ।

ਬੱਦਲਾਂ ਵਾਂਗੂ ਗਰਜ ਪੈਣਗੇ ਆਵਾਜ਼ ਬਣ ਮਜ਼ਲੂਮ ਦੀ,
ਰੋਂਦੇ ਹੋਏ ਯਤੀਮਾਂ ਨੂੰ ਇਹ ਹਸਾਉਂਦੇ ਰਹਿਣਗੇ।

ਜ਼ਾਲਮ ਦੇ ਜ਼ੁਲਮ ਅੱਗੇ "ਸ਼ਮੀ" ਕਦੇ ਨਾ ਝੁਕਣਗੇ,
ਕੁਦਰਤ ਅੱਗੇ ਸਿਰ ਆਪਣਾ ਨਿਵਾਉਂਦੇ ਰਹਿਣਗੇ।

* * *



# "ਰੱਬ ਜੀ"

ਰੱਬ ਜੀ ਮੇਰੇ ਗੀਤਾਂ ਨੂੰ ਅਲਫਾਜ਼ ਦੇ ਦਿਉ,
ਸੱਚ ਨੂੰ ਬੁਲੰਦ ਕਰਨ ਦੀ ਆਵਾਜ਼ ਦੇ ਦਿਉ।

ਹਰ ਪਾਸੇ ਅੱਜ ਬਰੂਦ ਦਾ ਸ਼ੋਰ ਹੋ ਰਿਹਾ,
ਸੁਲਾਹ ਤੇ ਅਮਨੋ ਚੈਨ ਦੇ ਸਾਜ਼ ਦੇ ਦਿਉ।

ਆਪਣੀ ਹੀ ਸੋਚ ਵਿੱਚ ਮੈਂ ਕੈਦ ਹੋਇਆ ਹਾਂ,
ਨਿਕਲਾਂ ਮੈਂ ਆਪਣੇ ਆਪ 'ਚੋਂ ਪਰਵਾਜ਼ ਦੇ ਦਿਉ।

ਇਹ ਭਟਕਣਾ ਮਨ ਮੇਰੇ ਦੀ ਮੁੱਕਦੀ ਹੀ ਨਹੀਂ,
ਸਬਰ ਦੇ ਨਾਲ ਜਿਊਣ ਦਾ ਅੰਦਾਜ਼ ਦੇ ਦਿਉ।

ਰੀਤਾਂ ਤੇ ਰਸਮਾਂ ਵਿੱਚ ਦੁਨੀਆਂ ਟੋਟੇ ਹੋ ਗਈ,
ਇਕ ਹੋ ਜਾਣ ਸਾਰੇ ਕੋਈ ਨਵਾਂ ਰਿਵਾਜ਼ ਦੇ ਦਿਉ।

ਕਿਸ ਦੇ ਅੱਗੇ ਖੋਲ੍ਹਾਂ ਮੈਂ ਦਿਲਾਂ ਦੇ ਭੇਦ ਨੂੰ,
ਜੋ ਸਮਝ ਸਕੇ 'ਸ਼ਮੀ' ਨੂੰ ਹਮਰਾਜ਼ ਦੇ ਦਿਉ।

* * *

# ਮਿੱਟੀ ਪੰਜਾਬ ਦੀ

ਨਾ ਬੋਲਦੀ ਨਾ ਹੱਸਦੀ,
ਗਮ ਦਿਲ ਵਿੱਚ ਦੱਬੀ ਰੱਖਦੀ,
ਮਿੱਟੀ ਮੇਰੇ ਪੰਜਾਬ ਦੀ ਅੱਜ ਤੱਕ ਵੀ ਰੋ ਰਹੀ ਏ,
ਦਾਗ ਆਪਣੇ ਹੀ ਲਹੂ ਦੇ ਹੰਝੂਆਂ ਨਾਲ ਧੋ ਰਹੀ ਏ।

ਆਪਣਾ ਹੀ ਕਿਉਂ ਆਪਣੇ ਨੂੰ ਗੈਰ ਆਖਦਾ,
ਅੱਜ ਵਾਹਗੇ ਤੋਂ ਲਾਹੌਰ ਕਿਉਂ ਦੂਰ ਜਾਪਦਾ,
ਤਾਰ ਬਣ ਕੇ ਦੁਸ਼ਮਣੀ ਦੀ ਦੋਹਾਂ ਵਿੱਚ ਖਲੋ ਗਈ ਏ।

ਮਾਂ ਬੋਲੀ ਪੰਜਾਬੀ ਦੇ ਨੇ ਜ਼ਖਮ ਬੇਹਿਸਾਬ,
ਲਹੂ ਨਾਲ ਭਿੱਜਾ ਵੇਖਾਂ ਵਾਰਿਸ਼ ਸ਼ਾਹ ਦਾ ਪੰਜਾਬ,
ਲੋਕ ਗੀਤ ਟੱਪੇ ਬੋਲੀਆਂ ਦੀ ਰੱਤ ਚੋ ਰਹੀ ਏ।

ਸਾਡਾ ਜੇਹਲਮ ਤੇ ਝਨਾਬ "ਸ਼ਮੀ" ਦੂਰ ਹੋ ਗਿਆ,
ਪੰਜਾਂ ਪਾਣੀਆਂ ਦਾ ਨੂਰ ਜੋ ਬੇਨੂਰ ਹੋ ਗਿਆ,
ਭਗਵਾਨ ਅੱਲ੍ਹਾ ਵਿੱਚ ਵੀ ਉੱਚੀ ਕੰਧ ਹੋ ਗਈ ਏ।

* * *



# ਰੁਕ ਨਾ ਜਾਵੀਂ

ਉੱਬੜ ਰਾਵਾਂ ਦੇਖ ਕਿਤੇ ਤੂੰ ਰੁਕ ਨਾ ਜਾਵੀਂ,
ਸਮੇਂ ਦੇ ਝੁੱਲਦੇ ਝੱਖੜਾਂ ਅੱਗੇ ਝੁੱਕ ਨਾ ਜਾਵੀਂ।

ਅਕਲ ਦਾ ਪਾਣੀ ਦੇ ਕੇ ਆਪਣੀ ਸਮਝ ਨੂੰ ਸਿੰਝ ਲੈ,
ਬੇਅਕਲੀ ਦੀ ਧੁੱਪ 'ਚ ਐਵੇਂ ਸੁੱਕ ਨਾ ਜਾਵੀਂ।

ਬਣ ਕੇ ਸ਼ੀਤ ਹਵਾ ਦਾ ਬੁੱਲਾ ਠਾਰ ਦਿਲਾਂ ਨੂੰ,
ਗੁੱਸੇ ਦੀ ਧੁਖਦੀ ਅੱਗ 'ਚ ਸੱਜਣਾ ਧੁੱਖ ਨਾ ਜਾਵੀਂ।

ਹਰ ਔਕੜ ਵਿੱਚ ਨਾਲ ਜਿਗਰ ਦੇ ਰੱਖ ਹੌਂਸਲਾ,
ਵਾਂਗ ਬੁਜ਼ਦਿਲਾਂ ਵੇਖ ਮੁਸੀਬਤ ਲੁੱਕ ਨਾ ਜਾਵੀਂ।

ਸੁਣੇ ਨਾ ਭਾਵੇਂ ਜੱਗ ਇਹ "ਸ਼ਮੀ" ਤੇਰੇ ਬੋਲਾਂ ਨੂੰ,
ਸੱਚ ਨੂੰ ਲਿਖਣੋ ਬੋਲਣ ਤੋਂ ਤੂੰ ਉੱਕ ਨਾ ਜਾਵੀਂ।

* * *

# ਦਿਲਬਰ

ਹੱਸਦੇ ਹੱਸਦੇ ਦਿਲਬਰ ਮੈਨੂੰ ਅਲਵਿਦਾ ਜੋ ਕਹਿ ਗਿਆ,
ਚਲਾ ਗਿਆ ਪਰ ਖਿਆਲ ਉਸ ਦਾ ਦਿਲ ਵਿੱਚ ਹੀ ਰਹਿ ਗਿਆ।

ਹੋ ਗਈ ਖਾਮੋਸ਼ ਅੱਜ ਮੇਰੇ ਘਰ ਦੀ ਪੌਣ ਰੁਮਕਦੀ,
ਮਹਿਕ ਹਰ ਕੋਨੇ ਦੀ ਆਪਣੇ ਨਾਲ ਹੀ ਜੋ ਲੈ ਗਿਆ।

ਕਿੰਝ ਮੈਂ ਛੁਪਾਵਾਂ ਜਗ ਤੋਂ ਉਦਾਸੀ ਆਪਣੇ ਚਿਹਰੇ ਦੀ,
ਮੁੱਖੜੇ ਮੇਰੇ ਦਾ ਹਾਸਾ ਵੀ ਬਿਮਾਰ ਜੋ ਹੈ ਪੈ ਗਿਆ।

ਬੜਾ ਉੱਚਾ ਸੀ ਮੇਰੀਆਂ ਉਮੀਦਾਂ ਦਾ ਮਿਨਾਰ "ਸ਼ਮੀ",
ਹੌਕਿਆਂ ਦੇ ਝੱਖੜ ਨਾਲ ਪਲਾਂ ਵਿੱਚ ਹੀ ਢਹਿ ਗਿਆ।

* * *



# ਕਾਮਿਆਂ ਦੇ ਚਿਹਰੇ......

ਕਾਮਿਆਂ ਦੇ ਚੇਹਰੇ ਤੋਂ ਮੁੱਕੇ ਨਾ ਉਦਾਸੀ,
ਗਰੀਬ ਦੀ ਨਾ ਕਦੇ ਫਰਿਆਦ ਮੁੱਕਦੀ,
ਪਤਾ ਨਈਓਂ ਕਦੋਂ ਇਹ ਨਬਜ਼ ਰੁੱਕ ਜਾਣੀ,
ਸਮੇਂ ਦੀ ਨਾ ਕਦੇ ਵੀ ਚਾਲ ਰੁੱਕਦੀ।

ਗਰੂਰ ਦੇ ਨਸ਼ੇ 'ਚ ਬੰਦਾ ਕਦੇ ਨਹੀਓਂ ਝੁੱਕਦਾ,
ਪੱਤਾ ਵੀ ਨਾ ਝੁਕੇ ਕਦੀ ਬਾਹਲ਼ੇ ਉੱਚੇ ਰੁੱਖ ਦਾ,
ਫਲ ਨਾਲ ਲੱਦੀ ਹੋਈ ਟਹਿਣੀ ਜਾਂਦੀ ਝੁੱਕਦੀ।

ਟੁੱਟ ਜਾਂਦੇ ਨਾਤੇ ਜਿੱਥੇ ਪਿਆਰ ਨਹੀਓਂ ਹੁੰਦਾ,
ਸ਼ੱਕ ਹੁੰਦਾ ਬਾਹਲ਼ਾ ਇਤਬਾਰ ਨਹੀਓਂ ਹੁੰਦਾ,
ਨਿਭਾਉਣ ਦੀ ਜੇ ਨੀਅਤ ਹੋਵੇ ਕਦੇ ਵੀ ਨਹੀਂ ਟੁੱਟਦੀ।

ਖਾਣ ਨੂੰ ਕੋਈ ਮੰਗੇ ਦਈਏ ਰੁੱਖੀ ਨਾ ਹੀ ਜੂਠੀ,
ਬਣੀ ਨਹੀਓਂ ਰਹਿੰਦੀ ਜਿਹੜੀ ਸ਼ਾਨ ਹੁੰਦੀ ਝੂਠੀ,
ਰਹਿੰਦੀ ਨਹੀਓਂ ਕੋਲ ਜੋ ਕਮਾਈ ਹੁੰਦੀ ਲੁੱਟ ਦੀ।

ਭਾਵੇਂ ਹੋਵੇ ਪੋਹ ਦਾ ਭਾਵੇਂ ਹਾੜ੍ਹ ਦਾ ਮਹੀਨਾ,
ਹਾਲ਼ੀਆਂ ਦਾ "ਸ਼ਮੀ" ਕਦੇ ਸੁੱਕੇ ਨਾ ਪਸੀਨਾ,
ਗਰੀਬ ਦੀ ਮਹਿੰਗਾਈ ਨਾਲ ਜਾਨ ਰਹਿੰਦੀ ਸੁੱਕਦੀ।

* * *

# ਇਸ਼ਕ

ਜੇ ਇਸ਼ਕ ਦੀ ਰਮਜ਼ ਨੂੰ ਪਾਉਣਾ ਏ ਬਸ ਦਿਲ ਦੀ ਮੈਲ ਉਤਾਰ ਦੇ,
ਬਹਿ ਕੇ ਸਿਦਕ ਦੀ ਅੱਗ ਵਿੱਚ ਸੱਜਣਾਂ, ਆਪਣੇ ਆਪ ਨੂੰ ਸਾੜ ਦੇ।

ਖੁਦ ਆਪਣੇ 'ਚੋਂ ਹੋ ਜਾ ਮਨਫੀ, ਪਰੇ ਸੁੱਟ ਦੇ ਉੱਚੀਆਂ ਅਕਲਾਂ ਨੂੰ,
ਹਸਤੀ ਦੇ ਉਚੇ ਸਿੰਬਲ ਰੁੱਖ ਨੂੰ ਜੜ੍ਹ ਤੋਂ ਹੀ ਉਖਾੜ ਦੇ।

ਚੱਲ ਕਰ ਹਿੰਮਤ ਵੇਖ ਕਿਤੇ ਹਲੀਮੀ ਦਾ ਚੁੱਲ੍ਹਾ ਮਿਲ ਜਾਵੇ,
ਬਲਦੀ ਅੱਗ ਵਿੱਚ ਸੁੱਟ ਦੇ ਆਪਣੀ 'ਮੈਂ' ਦੀਆਂ ਮਿਰਚਾਂ ਵਾਰ ਕੇ।

ਸਿਕੰਦਰ ਵੀ ਨਾ ਜਿੱਤ ਸਕਿਆ ਜੰਗ ਨਾਲ ਸਾਰੀ ਦੁਨੀਆਂ ਨੂੰ,
ਜੇ ਤੂੰ ਜੱਗ ਨੂੰ ਜਿੱਤਣਾ ਚਾਹੁੰਦਾ ਆਪਣੇ ਆਪ ਨੂੰ ਹਾਰ ਦੇ।

ਜਿਸਮਾਂ ਦੀ ਚਾਹਤ ਤੋਂ ਪਰੇ ਇਸ਼ਕ ਹਕੀਕੀ ਸਰ ਡੂੰਘੇ,
ਡੁੱਬ ਕੇ "ਸ਼ਮੀ" ਪੱਤਣਾਂ ਦੇ ਵਿੱਚ ਤਪਦੀ ਰੂਹ ਨੂੰ ਠਾਰ ਦੇ।

* * *



# ਪ੍ਰਚਾਰ ਨਾ ਕਰਿਆ ਕਰ

ਜੇ ਅਮਲ ਨਹੀਂ ਕਰਨਾ ਤੂੰ ਪ੍ਰਚਾਰ ਨਾ ਕਰਿਆ ਕਰ,
ਰੱਬ ਦੀ ਉਸ ਬਾਣੀ ਦਾ ਵਪਾਰ ਨਾ ਕਰਿਆ ਕਰ।

ਆਦਮੀ ਨੂੰ ਆਦਮੀ ਤੋਂ ਜੁਦਾ ਕਿਉਂ ਕਰਦਾ ਏਂ,
ਦੋਵਾਂ ਵਿੱਚ ਮਜ਼੍ਹਬ ਦੀ ਦੀਵਾਰ ਨਾ ਕਰਿਆ ਕਰ।

ਦੁਨੀਆਂ ਨੂੰ ਪਿਆਰ ਸਿਖਾਵਣ ਦਾ ਜੇ ਸ਼ੌਕ ਬੜਾ ਤੈਨੂੰ,
ਮੰਦੇ ਬੋਲਾਂ ਨਾਲ ਕਿਸੇ 'ਤੇ ਵਾਰ ਨਾ ਕਰਿਆ ਕਰ।

ਜੇ ਆਪਣੀ ਸੁਣਾਉਣੀ ਹੈ ਦੂਜੇ ਦੀ ਵੀ ਸੁਣ ਲੈ,
ਆਪਣੀ ਅਕਲ ਤੇ ਤੂੰ ਹੰਕਾਰ ਨਾ ਕਰਿਆ ਕਰ।

ਪਰੇ ਲਾਹ ਕੇ ਸੁੱਟ ਦੇ ਤੂੰ ਇਹ ਦਿਲ ਦੀ ਕਾਲਖ ਨੂੰ,
"ਸ਼ਮੀ" ਰੌਸ਼ਨ ਕਰ ਦੁਨੀਆਂ ਅੰਧਕਾਰ ਨਾ ਕਰਿਆ ਕਰ।

* * *

# ਦੁੱਖਾਂ ਦੀ ਰਾਤ

ਮੇਰੇ ਨਾਲ ਕਾਹਤੋਂ ਰੱਬਾ ਰੁੱਸਿਆ ਜਹਾਨ ਫਿਰੇ,
ਰੁੱਸੀ ਫਿਰੇ ਤੇਰੀ ਕਾਇਨਾਤ,
ਚੜ੍ਹਨੀ ਏ ਕਦੋਂ ਮੇਰੇ ਸੁੱਖਾਂ ਦੀ ਸਵੇਰ ਮੌਲਾ,
ਮੁੱਕੂ ਕਦੋਂ ਦੁੱਖਾਂ ਦੀ ਇਹ ਰਾਤ।

ਪਿਆਰ ਕਾਹਦਾ ਪਾਇਆ ਅਸਾਂ ਮੌਤ ਗਲ ਪਾ ਲਈ,
ਜ਼ਿੰਦਗੀ ਨੂੰ ਜੀਣ ਲਈ ਜ਼ਿੰਦਗੀ ਗੁਆ ਲਈ,
ਹੋਰਨਾਂ ਨੂੰ ਦਿੱਤੀਆਂ ਤੂੰ ਖੁਸ਼ੀਆਂ ਤੇ ਹਾਸੇ ਰੱਬਾ,
ਸਾਡੇ ਹਿੱਸੇ ਗਮਾਂ ਦੀ ਸੌਗਾਤ....

ਮੇਰੀ ਰੂਹ ਤੇ ਮੇਰੇ ਵਿੱਚ ਕੈਸੀ ਇਹ ਜੁਦਾਈ ਰੱਬਾ,
ਜਿਸਮ 'ਚ ਵਸਦੀ ਏ ਬਸ ਤਨਹਾਈ ਰੱਬਾ,
ਯਾਰ ਦਾ ਦੀਦਾਰ ਅਤੇ ਉਹਦੇ ਦੋ ਸਾਹਾਂ ਲਈ,
ਦਿਲ ਤੈਥੋਂ ਮੰਗਦਾ ਖੈਰਾਤ.....

ਆਪਣਿਆਂ ਦੁੱਖਾਂ ਨੂੰ ਮੈਂ ਕਿਸ ਨੂੰ ਸੁਣਾਵਾਂ ਰੱਬਾ,
ਛੱਡ ਗਿਆ ਸਾਥ ਹੁਣ ਮੇਰਾ ਪਰਛਾਵਾਂ ਰੱਬਾ,
ਗਮ ਦੀਆਂ ਔੜਾਂ ਵਿੱਚ ਜ਼ਿੰਦਗੀ ਵਿਰਾਨ ਹੋਈ,
'ਸ਼ਮੀ' ਦੱਸ ਕਿੱਥੇ ਬਰਸਾਤ ........

* * *



# ਮੌਸਮ ਸ਼ਹਿਰ ਦਾ

ਸੁਣਿਆ ਮੈਂ ਤੇਰੇ ਸ਼ਹਿਰ ਦਾ ਮੌਸਮ ਖਰਾਬ ਹੈ,
ਬੇਵਫਾਈ ਜਿੱਥੇ ਬੇਹਿਸਾਬ ਹੈ।

ਵਾਅਦੇ ਵੀ ਜਿੱਥੇ ਝੂਠੇ ਕਸਮਾਂ ਵੀ ਝੂਠੀਆਂ,
ਬੁੱਲ੍ਹੀਆਂ ਦਾ ਹਾਸਾ ਝੂਠਾ, ਝੂਠਾ ਸ਼ਬਾਬ ਹੈ।

ਸਾਹਾਂ ਦੇ ਹੁੰਦੇ ਸੌਦੇ ਦਿਲ ਵਿਕਦੇ ਸ਼ਰੇਆਮ,
ਹਰ ਇਕ ਦੇ ਹੱਥੀਂ ਫੜਿਆ ਨਕਲੀ ਗੁਲਾਬ ਹੈ।

ਗਲ੍ਹੀਆਂ ਦੀ ਹਵਾ ਵਿੱਚ ਵੀ ਧੋਖੇ ਦੀ ਹੈ ਨਮੀ
ਮਿਲਦਾ ਵਫ਼ਾ ਦੇ ਬਦਲੇ ਕੋਰਾ ਜਵਾਬ ਹੈ।

ਖੁਆਬਾਂ ਦੀ ਉੱਚੀ ਮੰਜ਼ਿਲ 'ਸ਼ਮੀ' ਦਾ ਹੈ ਠਿਕਾਣਾ,
ਰੁੜ੍ਹ ਜਾਣ ਬੁਰਜ ਉੱਚੇ ਕੈਸਾ ਸੈਲਾਬ ਹੈ।

* * *

# ਬੇਵਫ਼ਾ ਯਾਰ

ਮੇਰਾ ਯਾਰ ਮੇਰੇ ਨਾਲ ਬੇਵਫਾ ਹੋ ਗਿਆ,
ਪਿਆਰ ਉਹਦਾ ਮੇਰੇ ਲਈ ਸਜ਼ਾ ਹੋ ਗਿਆ।

ਰਿਹਾ ਨਾ ਭਰੋਸਾ ਵਾਅਦਿਆਂ ਦੀ ਰੀਤ ਉੱਤੇ,
ਵਫਾ ਦੇ ਬਦਲੇ ਵਿੱਚ ਜਦੋਂ ਦਗਾ ਹੋ ਗਿਆ।

ਮੇਰੇ ਮੁੱਖ ਦੀ ਉਸ ਨੂੰ ਪਹਿਚਾਣ ਨਾ ਰਹੀ,
ਗੈਰਾਂ ਦੀਆਂ ਅੱਖਾਂ ਦਾ ਜੋ ਨਸ਼ਾ ਹੋ ਗਿਆ।

ਮੇਰੇ ਕੋਲੋਂ ਸਾਹ ਲੈ ਕੇ ਜ਼ਿੰਦਗੀ ਜੀਅ ਰਿਹਾ,
ਦੋ ਸਾਹ ਮੋੜ ਦੇਣ ਤੋਂ ਖਫਾ ਹੋ ਗਿਆ।

ਲੁੱਟ ਕੇ ਮੇਰੀ ਜ਼ਿੰਦਗੀ ਦਾ ਹਰ ਇਕ ਹਾਸਾ,
'ਸ਼ਮੀ' ਦੱਸ ਉਹਨੂੰ ਕੀ ਨਫ਼ਾ ਹੋ ਗਿਆ।

* * *



# ਇਕ ਕੁੜੀ

ਇੱਕ ਕੁੜੀ ਸੱਜਰੇ ਗੁਲਾਬ ਵਰਗੀ,
ਗੁਲਾਬ ਵਰਗੀ, ਗੁਲਾਬ ਵਰਗੀ,
ਟੌਰ ਉਹਦੀ ਮੇਰੇ ਪੰਜਾਬ ਵਰਗੀ,
ਪੰਜਾਬ ਵਰਗੀ ਪੰਜਾਬ ਵਰਗੀ।

ਗਿੱਧੇ ਵਿੱਚ ਨੱਚਦੀ ਉਹ ਕਿੰਨੀ ਸੋਹਣੀ ਫੱਬਦੀ,
ਮੈਨੂੰ ਤੇ ਸਿਆਲਾਂ ਵਾਲੀ ਹੀਰ ਉਹੋ ਲੱਗਦੀ,
ਵਾਰਸ਼ ਸ਼ਾਹ ਦੀ ਲਿਖੀ ਹੋਈ ਕਿਤਾਬ ਵਰਗੀ।

ਪੋਲੇ ਪੋਲੇ ਪੱਬਾਂ ਨਾਲ ਜਦੋਂ ਵੀ ਉਹ ਲੰਘਦੀ,
ਧਰਤੀ ਨੂੰ ਜਾਵੇ ਰੰਗ ਆਪਣੇ ਚ ਰੰਗਦੀ,
ਤੋਰ ਉਹਦੀ ਰਾਵੀ ਤੇ ਚਨਾਬ ਵਰਗੀ।

ਪਤਾ ਨਹੀਓਂ ਕਿਥੋਂ ਆਉਂਦੀ ਕਿਥੇ ਛੁਪ ਜਾਂਦੀ ਏ,
ਦੇਖ ਉਹਨੂੰ ਮੇਰੀ ਤਾਂ ਨਬਜ ਰੁਕ ਜਾਂਦੀ ਏ,
"ਸ਼ਮੀ" ਦੇ ਅਧੂਰੇ ਜਿਹੇ ਖਾਬ ਵਰਗੀ।

* * *

# ਸਲਾਮ

ਮਹਿਫਲ ਦੇ ਵਿੱਚ ਉਹ ਮੈਨੂੰ ਸਲਾਮ ਕਰ ਗਿਆ,
ਸ਼ਰੇਆਮ ਮੇਰਾ ਨਾਮ ਉਹ ਬਦਨਾਮ ਕਰ ਗਿਆ।

ਕੂੰਜਾਂ ਦੇ ਵਾਂਗ ਮੈਂ ਅੰਬਰਾਂ ਵਿੱਚ ਉੱਡਦੀ ਸੀ,
ਇਸ਼ਕ ਪਿੰਜਰੇ ਵਿੱਚ ਮੈਨੂੰ ਗੁਲਾਮ ਕਰ ਗਿਆ।

ਮੈਂ ਵਾਕਫ ਸੀ ਦੁਨੀਆਂ ਦੇ ਸਾਰੇ ਰੰਗਾਂ ਤੋਂ,
ਅੱਜ ਖੁਦ ਤੋਂ ਹੀ ਮੈਨੂੰ ਅਣਜਾਣ ਕਰ ਗਿਆ।

ਲੁੱਟ ਕੇ ਲੈ ਗਿਆ ਕਲੀਆਂ ਦੇ ਵਰਗਾ ਹਾਸਾ,
ਹਉਕੇ ਹੰਝੂ ਖਾਰੇ ਮੇਰੇ ਨਾਮ ਕਰ ਗਿਆ।

ਮੌਸਮ ਦੇ ਵਾਂਗੂ 'ਸ਼ਮੀ' ਸਭ ਕੁਝ ਹੀ ਬਦਲ ਗਿਆ,
ਖੁਸ਼ੀਆਂ ਭਰੀ ਸਵੇਰ ਨੂੰ ਸ਼ਾਮ ਕਰ ਗਿਆ।

* * *



# ਦੁੱਖ ਪਰਦੇਸਾਂ ਦਾ

ਸੌਖਾ ਨਈਓਂ ਹੁੰਦਾ ਦੇਸ਼ ਆਪਣੇ ਨੂੰ ਛੱਡਣਾ,
ਆਪਣੇ ਹੀ ਆਪ ਨੂੰ ਦੋ ਥਾਵਾਂ ਵਿੱਚ ਵੰਡਣਾ,
ਦੁੱਖ ਪਰਦੇਸਾਂ ਦਾ ਜ਼ਹਿਰ ਵਾਂਗੂੰ ਹੁੰਦਾ ਏ,
ਜਿਊਣਾ ਇੱਥੇ ਸਿਖਰ ਦੁਪਹਿਰ ਵਾਂਗੂੰ ਹੁੰਦਾ ਏ।

ਕੋਈ ਨਾ ਜਾਣੇ ਇੱਥੇ ਦੁੱਖਾਂ ਦਾ ਹਿਸਾਬ ਉਏ,
ਹਰ ਕੋਈ ਸੋਚੇ ਇੱਥੇ ਜੀਣਾ ਲਾਜਵਾਬ ਉਏ,
ਆਪਣਾ ਵੀ ਹਰ ਕੋਈ ਗੈਰ ਵਾਂਗੂੰ ਹੁੰਦਾ ਏ।

ਹਰ ਪਾਸੇ ਰੌਣਕਾਂ ਰੰਗ ਬੇਸ਼ੁਮਾਰ ਏ,
ਬੁੱਲ੍ਹਾਂ ਉਤੇ ਹਾਸਾ ਰੂਹ ਚੰਦਰੀ ਬਿਮਾਰ ਏ,
ਮਨ ਵੀ ਤਾਂ ਉੱਜੜੇ ਸ਼ਹਿਰ ਵਾਂਗੂੰ ਹੁੰਦਾ ਏ।

ਜ਼ਿੰਦਗੀ ਦੇ ਦੇਸ਼ ਵਿੱਚ ਜ਼ਿੰਦਗੀ ਉਦਾਸ ਏ,
ਬੁੱਝਦੀ ਨਾ "ਸ਼ਮੀ" ਹਾਏ ਕਾਹਦੀ ਪਿਆਸ ਏ,
ਹਰ ਪਰਦੇਸੀ ਸੁੱਕੀ ਨਹਿਰ ਵਾਂਗੂੰ ਹੁੰਦਾ ਏ।

* * *

# ਧੀਆਂ

ਧੀਆਂ ਧੰਨ ਪਰਾਇਆ ਹੁੰਦਾ ਆਖੋ ਨਾ ਲੋਕੋ,
ਇਹ ਤਾਂ ਰੱਬ ਦਾ ਦਿੱਤਾ ਵਰਦਾਨ ਹੁੰਦੀਆਂ ਨੇ,
ਮਾਪਿਆਂ ਦੇ ਲਈ ਕੁੜੀਆਂ ਘਰ ਦੀ ਸ਼ਾਨ ਹੁੰਦੀਆਂ ਨੇ,
ਆਨ ਹੁੰਦੀਆਂ ਨੇ ਮਾਣ ਹੁੰਦੀਆਂ ਨੇ।

ਜੱਗ ਭੈੜੇ ਦੀਆਂ ਨਜ਼ਰਾਂ ਕਾਹਤੋਂ ਗੰਦੀਆਂ ਹੋ ਗਈਆਂ ,
ਸੋਚਾਂ ਇਹਨਾਂ ਦੀਆਂ ਰੱਜ ਕੇ ਮੰਦੀਆਂ ਹੋ ਗਈਆਂ,
ਜਿਉਂ ਜਿਉਂ ਹੋਣ ਜਵਾਨ ਇਹ ਪਰੇਸ਼ਾਨ ਹੁੰਦੀਆਂ ਨੇ।

ਝਾਂਸੀ ਦੀ ਰਾਣੀ ਵਾਂਗੂ ਜਾਲਮ ਨਾ ਲੜਦੀਆਂ ਨੇ,
ਬਣ ਜਾਂਦੀਆਂ ਫੌਲਾਦ ਜੁਲਮ ਦੇ ਅੱਗੇ ਖੜ੍ਹਦੀਆਂ ਨੇ,
ਮਦਰ ਟੇਰੈਸਾ ਵਾਂਗੂ ਦਇਆਵਾਨ ਹੁੰਦੀਆਂ ਨੇ।

ਕਹੋ ਨਾ ਲੋਕੋ ਇਹਨਾਂ ਨੂੰ ਤੁਸੀਂ ਗਊਆਂ ਜਾਂ ਚਿੜੀਆਂ,
ਔੜਾਂ ਵਿੱਚ ਹੁੰਦੀਆਂ ਨੇ ਬਹਾਰਾਂ ਇਹ ਖਿੜੀਆਂ,
"ਸ਼ਮੀ" ਦੁੱਖਾਂ ਵਿੱਚ ਵੀ ਇਹ ਮੁਸਕਾਨ ਹੁੰਦੀਆਂ ਨੇ।

* * *



# ਸਬਰ

ਨਾ ਪਤਾ ਘੜੀ ਪਲ ਦਾ ਨਾ ਖਬਰ ਤੇਰੇ ਦਮ ਦੀ,
ਜੇ ਸਬਰ ਨਹੀਂ ਹੈ ਤੈਥੋਂ ਇਹ ਦੌਲਤ ਕਿਸ ਕੰਮ ਦੀ।

ਸੋਨਾ ਵੀ ਖਾਕ ਤੇਰੇ ਅੱਗੇ ਜੇ ਸੋਚ ਖਰੀ ਹੈ ਤੇਰੀ,
ਨਾ ਹੱਡ ਤੇਰੇ ਵਿਕਣੇ ਨਾ ਪੈਣੀ ਕੀਮਤ ਤੇਰੇ ਚੰਮ ਦੀ।

ਲਾਲਚ ਦੀਆਂ ਲੀਹਾਂ ਦੀ ਕੋਈ ਮੰਜ਼ਿਲ ਨਹੀਂ ਹੁੰਦੀ,
ਪੈਰਾਂ ਵਿੱਚ ਪੈ ਜਾਂਦੀ ਏ ਬੇੜੀ ਚਿੰਤਾ ਤੇ ਗ਼ਮ ਦੀ।

ਕੁਝ ਮਿਲਣਾ ਨਹੀਂ ਤੈਨੂੰ ਜੇ ਨੀਅਤ ਸਾਫ ਨਹੀਂ,
ਜੇ ਪਾਉਣਾ ਚਾਹੁੰਦਾ ਹੈ ਮੈਲ ਧੋ ਆਪਣੇ ਮਨ ਦੀ।

ਦੋ ਬੋਲ ਮੁਹੱਬਤ ਦੇ "ਸ਼ਮੀ" ਦੁਸ਼ਮਣ ਮੇਲ ਦੇਵਣ,
ਇਕ ਚੁਗਲੀ ਐਸੀ ਜੋ ਯਾਰੀ ਦੀ ਲੱਠ ਭੰਨ ਦੀ।

* * *

# ਇਸ਼ਕ ਪਵਿੱਤਰ

ਮੇਰਾ ਇਸ਼ਕ ਪਵਿੱਤਰ ਰੱਬ ਵਰਗਾ,
ਮੇਰਾ ਯਾਰ ਨੂਰਾਨੀ ਨਗ ਵਰਗਾ।

ਬੜਾ ਦੂਰ ਹੈ ਘਰ ਮੇਰੇ ਮਹਿਰਮ ਦਾ,
ਰਾਹਾਂ ਵਿੱਚ ਸੂਲਾਂ ਵਿਛੀਆਂ ਨੇ,
ਇਹ ਰਸਤਾ ਭੱਖਦੀ ਅੱਗ ਵਰਗਾ।

ਇਹਦੀ ਰਮਜ਼ ਨੂੰ ਉਹੀ ਜਾਣਦਾ ਏ,
ਜਿਹੜਾ ਇਸ ਦੀ ਸਮਝ ਨੂੰ ਪਾ ਲੈਂਦਾ,
ਬੁੱਲੇ ਸ਼ਾਹ ਦੀ ਸੂਫੀ ਪੱਗ ਵਰਗਾ।

ਭਾਵੇਂ ਦੂਰ ਰਹੇ ਭਾਵੇਂ ਕੋਲ ਰਹੇ,
ਰੂਹਾਂ ਦੀਆਂ ਸਾਂਝਾਂ ਪੱਕੀਆਂ ਨੇ,
ਇਹਦਾ ਰੰਗ ਨਹੀਂ ਝੂਠੇ ਜੱਗ ਵਰਗਾ।

ਭਾਵੇਂ ਖੁਆਬਾਂ ਵਿੱਚ ਹੀ ਯਾਰ ਮਿਲੇ,
ਮੱਕੇ ਜਾ ਕੇ "ਸ਼ਮੀ" ਕੀ ਲੈਣਾ,
ਹਰ ਖੁਆਬ ਹੋ ਜਾਂਦਾ ਹੱਜ ਵਰਗਾ।

* * *



# ਮਾਂ ਬੋਲੀ ਪੰਜਾਬੀ

ਮੇਰੇ ਗਮ ਨੇ ਬੇਹਿਸਾਬ ਦੁੱਖੜੇ ਬੇਸ਼ੁਮਾਰ ਨੇ,
ਮੇਰੇ ਗੀਤ ਬੋਲੀਆਂ ਤੇ ਟੱਪੇ ਹੋ ਗਏ ਬਿਮਾਰ ਨੇ,
ਮੈਂ ਮਾਂ ਬੋਲੀ ਪੰਜਾਬੀ ਪਰੇਸ਼ਾਨ ਹੋ ਰਹੀ ਹਾਂ,
ਆਪਣੇ ਹੀ ਪੁੱਤਰਾਂ ਹੱਥੋਂ ਲਹੂ ਲੁਹਾਨ ਹੋ ਰਹੀ ਹਾਂ।

ਮੈਨੂੰ ਭੁੱਲਣਾ ਨਹੀਂ ਸੰਤਾਲੀ ਦਾ ਬਟਵਾਰੇ ਵਾਲਾ ਦੌਰ,
ਅੱਜ ਵੀ ਕੰਨੀ ਪੈਂਦਾ ਏ ਤਲਵਾਰਾਂ ਦਾ ਉਹ ਸ਼ੋਰ,
ਆਪਣੇ ਟੋਟੇ-ਟੋਟੇ ਵੇਖ ਹੈਰਾਨ ਹੋ ਰਹੀ ਹਾਂ।

ਗੈਰਾਂ ਦੀ ਸੁਰ ਤੇ ਮੇਰੇ ਮੈਨੂੰ ਗਾਉਣ ਲੱਗ ਪਏ ਨੇ,
ਸ਼ਰੇਆਮ ਸ਼ਰਮੋ ਹਯਾ ਨਚਾਉਣ ਲੱਗ ਪਏ ਨੇ,
ਲੱਭਦੀ ਵਜੂਦ ਮੈਂ ਆਪਣਾ ਬੇਜਾਨ ਹੋ ਗਈ ਹਾਂ।

ਮੇਰੇ ਪੁੱਤਰੋ ਮੇਰੇ ਲਫਜ਼ਾਂ ਦੇ ਵਿੱਚ ਜ਼ਹਿਰ ਨਾ ਘੋਲੋ,
ਮੈਂ ਇੱਜ਼ਤ ਹਾਂ ਪੰਜਾਬ ਦੀ ਮੈਨੂੰ ਪੈਰੀਂ ਨਾ ਰੋਲੋ,
ਮੈਂ ਆਪਣੇ ਘਰ ਵਿੱਚ "ਸ਼ਮੀ" ਗੁੰਮਨਾਮ ਹੋ ਰਹੀ ਹਾਂ।

* * *

# ਬਿਰਹਾ ਦਾ ਸੁਲਤਾਨ

ਤੂੰ ਬਿਰਹਾ ਦਾ ਸੁਲਤਾਨ, ਤੂੰ ਬਿਰਹਾ ਦਾ ਸੁਲਤਾਨ,
ਬਿਰਹਾ ਤੇਰਾ ਮੱਕਾ ਤੇ ਬਸ ਬਿਰਹੋਂ ਹੀ ਈਮਾਨ।

ਲੱਭਦਾ ਰਿਹਾ ਮੁਹੱਬਤ ਨੂੰ ਤੂੰ ਹੋਕਾ ਦੇ ਕੇ ਜੱਗ ਤੇ,
ਦਿਲ ਤੇ ਰੱਖ ਕੇ ਥੋਰਾਂ ਨੂੰ ਚੱਲਿਆ ਇਸ਼ਕ ਦੀ ਅੱਗ ਤੇ,
ਗੀਤਾਂ ਤੇਰਿਆਂ ਨੂੰ ਸੁਣਦਾ ਨਾਲੇ ਕਾਫਿਰ ਕਹੇ ਜਹਾਨ।

ਤੇਰੀ ਕਲਮ ਦੀ ਨੋਕ 'ਚੋਂ ਨਿਕਲੇ ਹਰਫ਼ ਕਈ ਹਿਜ਼ਰ ਦੇ,
ਪੰਜਾਬੀ ਮਾਂ ਬੋਲੀ ਨੇ ਲਿਖ ਲਿਆ ਨਾਮ ਤੇਰਾ ਜਿਗਰ ਤੇ,
ਪੰਜਾਬ ਦੀ ਮਿੱਟੀ ਦੀ ਖੁਸ਼ਬੂ ਤੇ ਸ਼ਾਇਰਾਂ ਦੀ ਹੈ ਸ਼ਾਨ।

ਜੇ ਕਿਤੇ ਸ਼ਿਵ ਤੂੰ ਮੈਨੂੰ ਸੁਪਨੇ ਦੇ ਵਿੱਚ ਮਿਲ ਜਾਵੇ,
'ਸ਼ਮੀ' ਤੈਥੋਂ ਪੁੱਛੇ ਵਿਛੜੇ ਨੀਰਾਂ ਦੇ ਸਿਰਨਾਵੇਂ,
ਹੰਝ ਦੀ ਜੂਨੋਂ ਤਾਰਾ ਬਣ ਕੇ ਚੜ੍ਹ ਗਿਓਂ ਤੂੰ ਅਸਮਾਨ।

* * *



# ਕੁਝ ਪਤਾ ਨਹੀਂ

ਜ਼ਿੰਦਗੀ ਦੀਆਂ ਇਹ ਰਾਵਾਂ ਤੇ ਕਦੋਂ ਰੁਕ ਜਾਣਾ ਕੁਝ ਪਤਾ ਨਹੀਂ,
ਮੇਰੇ ਅੰਦਰ ਵਗਦੇ ਸਾਹਾਂ ਨੇ ਕਦੋਂ ਮੁੱਕ ਜਾਣਾ ਕੁਝ ਪਤਾ ਨਹੀਂ।

ਮੈਂ ਖਾਕ ਹਾਂ, ਬਸ ਰਾਖ ਹਾਂ, ਇੱਕ ਟੁੱਟਿਆ ਹੋਇਆ ਖੁਆਬ ਹਾਂ,
ਮੈਂ ਉੱਖੜੇ ਹੋਏ ਪੰਨਿਆਂ ਦੀ ਇਕ ਉਲਝੀ ਹੋਈ ਕਿਤਾਬ ਹਾਂ,
ਕਿਸੇ ਢਲਦੀ ਸ਼ਾਮ ਦਾ ਸੂਰਜ ਹਾਂ ਕਦੋਂ ਛੁਪ ਜਾਣਾ ਕੁਝ ਪਤਾ ਨਹੀਂ।

ਨਾ ਮੈਂ ਕਾਜ਼ੀ ਹਾਂ, ਨਾ ਨਿਮਾਜ਼ੀ ਹਾਂ, ਬੁੱਲੇ ਦੀ ਇਕ ਕਾਫ਼ੀ ਹਾਂ,
ਜ਼ਿੰਦਗੀ ਜਿਸ ਨੂੰ ਖੇਲ੍ਹ ਰਹੀ ਉਹ ਹਰਦੀ ਹੋਈ ਬਾਜ਼ੀ ਹਾਂ,
ਮੇਰੇ ਨਸਾਂ ਵਿਚਲਾ ਲਾਲ ਲਹੂ ਕਦੋਂ ਸੁੱਕ ਜਾਣਾ ਕੁਝ ਪਤਾ ਨਹੀਂ।

ਮੈਂ ਸ਼ਾਮ ਹਾਂ, ਪੈਗਾਮ ਹਾਂ ਦੱਮਾਂ ਵਾਲਿਆਂ ਲਈ ਐਲਾਨ ਹਾਂ,
ਮੈਂ ਜਿੰਨਾਂ ਮਰਜ਼ੀ ਜੀਅ ਲਵਾਂ ਪਰ ਫਿਰ ਵੀ ਇਕ ਗੁੰਮਨਾਮ ਹਾਂ,
ਮੈਂ ਇਕ ਐਸਾ ਦੀਪਕ ਹਾਂ ਕਦੋਂ ਬੁਝ ਜਾਣਾ ਕੁਝ ਪਤਾ ਨਹੀਂ।

"ਸ਼ਮੀ" ਤੁਰ ਜਾਣਾ, ਬਸ ਰੁੜ ਜਾਣਾ ਕੱਖਾਂ ਦੇ ਵਾਂਗੂ ਉੜ ਜਾਣਾ,
ਮੈਂ ਜ਼ਿੰਦਗੀ ਵਿੱਚੋਂ ਹੋ ਮਨਫ਼ੀ ਜਾ ਵਿੱਚ ਮੌਤ ਦੇ ਜੁੜ ਜਾਣਾ,
ਮੇਰੇ ਸਿਰ ਤੇ ਰਹਿਮ ਜੋ ਮੌਲਾ ਦਾ ਕਦੋਂ ਉਠ ਜਾਣਾ ਕੁਝ ਪਤਾ ਨਹੀਂ।

* * *

# ਕਦੇ ....

ਕਦੇ ਰੁੱਖਾਂ ਵਾਂਗੂ ਇਕ ਜਗਾ ਤੇ ਖੜ੍ਹਨਾ ਚਾਹੁੰਦਾ ਹਾਂ,
ਕਦੇ ਵਾਂਗ ਪੰਛੀਆਂ ਅੰਬਰਾਂ ਦੇ ਵਿੱਚ ਉਡਣਾ ਚਾਹੁੰਦਾ ਹਾਂ।

ਕਦੇ ਖੁਸ਼ੀਆਂ ਤੇ ਕਦੇ ਦਰਦਾਂ ਦੇ ਘੁੱਟ ਭਰਨਾ ਚਾਹੁੰਦਾ ਹਾਂ,
ਠੰਡੀਆਂ ਛਾਵਾਂ ਕਦੇ ਤਿੱਖੀਆਂ ਧੁੱਪਾਂ ਜਰਨਾ ਚਾਹੁੰਦਾ ਹਾਂ।

ਕਦੇ ਮਹਿਕਾਂ ਦੇ ਫੁੱਲ ਕਦੇ ਪੱਤਝੜ ਵਾਂਗੂ ਝੜਨਾ ਚਾਹੁੰਦਾ ਹਾਂ,
ਕਦੇ ਬਦਲਦੀਆਂ ਰੁੱਤਾਂ ਵਾਂਗੂ ਮੈ ਬਦਲਣਾ ਚਾਹੁੰਦਾ ਹਾਂ।

ਕਿਸੇ ਨੂੰ ਜਿੱਤਣਾ ਚਾਹੁੰਦਾ ਹਾਂ ਕਿਸੇ ਤੋਂ ਹਰਨਾ ਚਾਹੁੰਦਾ ਹਾਂ,
ਕਿਸੇ ਤੋਂ ਪੁੱਛਣਾ ਚਾਹੁੰਦਾ ਤੇ ਕਿਸੇ ਨੂੰ ਦੱਸਣਾ ਚਾਹੁੰਦਾ ਹਾਂ।

ਕਦੇ ਮੈਂ ਡੁੱਬਣਾ ਚਾਹੁੰਦਾ ਹਾਂ ਕਦੇ ਮੈਂ ਤਰਨਾ ਚਾਹੁੰਦਾ ਹਾਂ,
ਕਦੇ ਮੈਂ ਜੀਣਾ ਚਾਹੁੰਦਾ ਹਾਂ ਕਦੇ "ਸ਼ਮੀ" ਮਰਨਾ ਚਾਹੁੰਦਾ ਹਾਂ।

* * *



ਮੈਂ ਪਰਦੇਸੀ ਹੋਇਆ ਜਦ ਦਾ
ਆਪਣਾ ਆਪ ਰਿਹਾ ਹਾਂ ਲੱਭਦਾ
ਚਾਨਣਾਂ ਦੇ ਸ਼ਹਿਰ 'ਸ਼ਮੀ' ਗਮਾਂ ਦਾ ਹਨੇਰ
ਇਥੇ ਨਾ ਕੋਈ ਜੁਗਨੂੰ ਜਗਦਾ।

***ਸ਼ਮੀ ਜਲੰਧਰੀ***

---

**ਆਸ਼ੀਰਵਾਦ**

"ਵਤਨੋਂ ਦੂਰ" ਦੀਆਂ ਕਵਿਤਾਵਾਂ ਵਿਚੋਂ ਮੈਂ ਤੇਰਾ ਸੰਵੇਦਨਾਸ਼ੀਲ ਮਨ ਦੇਖਿਆ, ਇੰਨਸਾਫ, ਬਰਾਬਰੀ ਤੇ ਪਿਆਰ ਭਰੇ ਸੰਸਾਰ ਲਈ ਤੇਰੀ ਸੁਹਿਰਦ ਤਾਂਘ ਦੇਖੀ, ਮਾਨਵਤਾ ਅਤੇ ਕਾਇਨਾਤ ਨਾਲ ਤੇਰਾ ਪਿਆਰ ਦੇਖਿਆ, ਬੇਇਨਸਾਫ਼ੀ, ਫ਼ਿਰਕਾਪ੍ਰਸਤੀ, ਜ਼ੁਲਮ ਭਰੀ ਦੁਨੀਆ ਵਿਚ ਇਕ ਹੱਸਾਸ ਮਨ ਦੀ ਤੜਪ ਦੇਖੀ। ਪੰਜਾਬ ਦਾ ਮੋਹ ਦੇਖਿਆ। ਤੇਰੇ ਜਿਹੇ ਇਨਸਾਨ ਅਤੇ ਕਲਾਕਾਰ ਉਨ੍ਹਾਂ ਰੁੱਖਾਂ ਵਰਗੇ ਹੁੰਦੇ ਹਨ ਜਿਹੜੇ ਪ੍ਰਦੂਸ਼ਨ ਭਰੇ ਜਹਾਨ ਵਿਚ ਰੁੱਖਾਂ ਦੇ ਪੱਤਿਆਂ ਵਾਂਗ ਜ਼ਹਿਰ ਨੂੰ ਅੰਮ੍ਰਿਤ ਵਿਚ ਬਦਲਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਤੇਰੇ ਲਈ ਬਹੁਤ ਬਹੁਤ ਪਿਆਰ ਤੇ ਆਸ਼ੀਰਵਾਦ।

ਸੁਰਜੀਤ ਪਾਤਰ

***ਸੁਰਜੀਤ ਪਾਤਰ***

---

*Published by :*

**BADHAN PUBLISHERS**

742\13 New Santokh Pura, Jalandhar (Pb.)

*Worldwide Marketing & Distribution by :*

5 RIVERS
ENTERTAINMENT INC.

8, Strathearn Avenue, Unit 16, Brampton. Toronto, Ontario, L6T4L9
Tel : Canada -905 799 0382, India - 998 804 5415, U.K. - 0755 103 3544
www.5rivers.ca office@5rivers.ca